ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਬੁੱਧਵਾਰ, 25 ਅਗਸਤ 2021

ਲੋਕ ਬਾਣੀ ਅਖਬਾਰ ਪੋਰਟਲ ਟੀ.ਵੀ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ
☛ ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ
ਸੰਪਰਕ ਕਰੋ 9915594111 0181-2211009

R.N.I. Punpun/29016/2008 ✲ ਸਾਲ : 14 ✲ ਅੰਕ : 206 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਯੂ.ਕੇ. ਦੇ ਫੌਜੀ ਮਿਸਨ ਤਹਿਤ 7000 ਤੋਂ ਵੱਧ ਲੋਕਾਂ ਨੂੰ ਅਫਗਾਨਿਸਤਾਨ 'ਚੋਂ ਕੱਢਿਆ ਗਿਆ

**ਗਲਾਸਗੋ/ਲੰਡਨ/ਲੋਕ ਬਾਣੀ**

ਅਫਗਾਨਿਸਤਾਨ 'ਚ ਚੱਲ ਰਹੇ ਸੰਕਟ ਦੌਰਾਨ ਯੂ.ਕੇ.ਦੀਆਂ ਫੌਜਾਂ ਵੱਲੋਂ ਤਕਰੀਬਨ ਦੋ ਹਫਤੇ ਪਹਿਲਾਂ ਸੂਰੂ ਕੀਤੇ ਗਏ ਬਚਾਅ ਮਿਸਨ ਦੇ ਹਿੱਸੇ ਵਜੋਂ 7000 ਤੋਂ ਵੱਧ ਲੋਕਾਂ ਨੂੰ ਅਫਗਾਨਿਸਤਾਨ 'ਚੋਂ ਕੱਢਿਆ ਗਿਆ ਹੈ। ਇਸ ਸਬੰਧੀ ਰੱਖਿਆ ਮੰਤਰਾਲੇ (ਐੱਮ. ਓ. ਡੀ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਆਪਰੇਸਨ ਪਿਟਿੰਗ' ਤਹਿਤ ਸੁੱਕਰਵਾਰ 13 ਅਗਸਤ ਨੂੰ ਸੁਰੂ ਹੋਈ ਫੌਜੀ ਨਿਕਾਸੀ ਨੇ ਹੁਣ ਤੱਕ ਲਗਭਗ 7109 ਲੋਕਾਂ ਨੂੰ ਕਾਬੁਲ 'ਚੋਂ ਬਾਹਰ ਕੱਢਿਆ ਹੈ। ਇਸ ਗਿਣਤੀ 'ਚ ਕਾਬੁਲ ਅੰਬੈਸੀ ਵਿਚਲਾ ਸਟਾਫ, ਬ੍ਰਿਟਿਸ ਨਾਗਰਿਕ, ਅਫਗਾਨ ਮੁੜ ਵਸੇਬਾ ਅਤੇ ਸਹਾਇਤਾ ਨੀਤੀ (ਏ.ਆਰ.ਏ.ਪੀ.) ਪ੍ਰੋਗਰਾਮ ਦੇ ਅਧੀਨ ਯੋਗ ਅਫਗਾਨੀ ਲੋਕ ਅਤੇ ਸਹਿਯੋਗੀ ਦੇਸਾਂ ਦੇ ਬਹੁਤ ਸਾਰੇ ਨਾਗਰਿਕ ਵੀ ਸਾਮਲ ਹਨ। ਇਸ ਆਪਰੇਸਨ ਪਿਟਿੰਗ ਤਹਿਤ 4226 ਤੋਂ ਵੱਧ ਅਫਗਾਨ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਾਹਰ ਕੱਢਿਆ ਹੈ। ਇਸ ਨਿਕਾਸੀ ਮੁਹਿੰਮ ਲਈ ਕਾਬੁਲ 'ਚ ਯੂ.ਕੇ. ਦੇ 1000 ਤੋਂ ਵੱਧ ਆਰਮਡ ਫੋਰਸਿਜ ਦੇ ਜਵਾਨ ਤਾਇਨਾਤ ਕੀਤੇ ਗਏ ਹਨ। ਰੱਖਿਆ ਮੰਤਰਾਲੇ ਅਨੁਸਾਰ ਨਿਕਾਸੀ ਪ੍ਰਕਿਰਿਆ ਉਦੋਂ ਤੱਕ ਚੱਲੇਗੀ, ਜਦੋਂ ਤੱਕ ਸੁਰੱਖਿਆ ਸਥਿਤੀ ਅਮਰੀਕਾ ਦੇ ਨਾਲ ਤਾਲਮੇਲ 'ਚ ਇਜਾਜਤ ਦਿੰਦੀ ਹੈ, ਜਦਕਿ ਨਿਕਾਸੀ ਉਡਾਣਾਂ ਦੇ ਅੰਤ ਲਈ ਅਜੇ ਤੱਕ ਕੋਈ ਪੱਕੀ ਤਾਰੀਖ ਤੈਅ ਨਹੀਂ ਕੀਤੀ ਗਈ ਹੈ। ਇਸ ਨਿਕਾਸੀ ਪ੍ਰਕਿਰਿਆ ਦੌਰਾਨ ਹਥਿਆਰਬੰਦ ਫੌਜਾਂ ਵੱਲੋਂ ਯੂ.ਕੇ. ਅਤੇ ਅਫਗਾਨ ਨਾਗਰਿਕਾਂ ਨੂੰ ਪਾਣੀ, ਬੱਚਿਆਂ ਲਈ ਦੁੱਧ, ਸੈਨੇਟਰੀ ਪੈਕ, ਕੰਬਲ ਅਤੇ ਕਿਤਾਬਾਂ ਆਦਿ ਵੀ ਦਿੱਤੀਆਂ ਜਾਂਦੀਆਂ ਹਨ। ਸੋਮਵਾਰ ਸਵੇਰੇ ਹਥਿਆਰਬੰਦ ਬਲਾਂ ਦੇ ਮੰਤਰੀ ਜੇਮਸ ਹੀਪੀ ਨੇ ਦੱਸਿਆ ਕਿ ਲੱਗਭਗ 1800 ਯੂ.ਕੇ. ਦੇ ਨਾਗਰਿਕ ਅਤੇ 2200 ਤੋਂ ਵੱਧ ਅਫਗਾਨੀ ਲੋਕ, ਜਿਨ੍ਹਾਂ ਨੇ ਬ੍ਰਿਟਿਸ ਫੌਜਾਂ ਦੀ ਮਦਦ ਕੀਤੀ ਸੀ, ਇਸ ਨਿਕਾਸੀ ਪ੍ਰਕਿਰਿਆ 'ਚ ਨਿਕਾਸੀ ਦਾ ਕੇਂਦਰ ਹਨ।



ਭਾਰਤ-ਪਾਕਿ ਵੱਲੋਂ ਸੰਬੰਧਾਂ ਨੂੰ ਆਮ ਬਣਾਉਣ ਦੀ ਕੋਸ਼ਿਸ਼

## ਡਿਪਲੋਮੈਟਾਂ ਨੂੰ 28 ਮਹੀਨਿਆਂ ਬਾਅਦ ਜਾਰੀ ਕੀਤੇ ਵੀਜੇ

**ਇੰਟਰਨੈਸ਼ਨਲ/ਲੋਕ ਬਾਣੀ**


ਭਾਰਤ ਤੇ ਪਾਕਿਸਤਾਨ ਨੇ ਤਕਰੀਬਨ 28 ਮਹੀਨਿਆਂ ਬਾਅਦ ਸੰਬੰਧਾਂ ਨੂੰ ਆਮ ਬਣਾਉਣ ਦੀ ਕੋਸਸਿ 'ਚ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਅਸਾਈਨਮੈਂਟ ਵੀਜੇ ਜਾਰੀ ਕੀਤੇ ਹਨ। ਭਾਰਤ ਤੇ ਪਾਕਿਸਤਾਨ ਨੇ ਹਾਲ ਹੀ ਦੇ ਹਫਤਿਆਂ 'ਚ 15 ਮਾਰਚ, 2021 ਤੱਕ ਦਾਇਰ ਸਾਰੀਆਂ ਅਰਜੀਆਂ ਉੱਤੇ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਵੀਜੇ ਜਾਰੀ ਕੀਤੇ ਹਨ। ਇਸ ਤਰ੍ਹਾਂ ਕੁਲ 7 ਪਾਕਿਸਤਾਨੀ ਡਿਪਲੋਮੈਟਾਂ ਨੂੰ ਭਾਰਤੀ ਵੀਜਾ ਅਤੇ 33 ਭਾਰਤੀ ਅਧਿਕਾਰੀਆਂ ਨੂੰ ਪਾਕਿਸਤਾਨੀ ਵੀਜਾ ਮਿਲ ਗਿਆ ਹੈ। ਦੋਵੇਂ ਦੇਸ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਅੱਗੇ ਅਸਾਈਨਮੈਂਟ ਵੀਜੇ ਜਾਰੀ ਕਰ ਸਕਦੇ ਹਨ। ਦੱਸ ਦੇਈਏ ਕਿ ਦੋਵੇਂ ਦੇਸ ਡਿਪਲੋਮੈਟਾਂ ਅਤੇ ਦੂਤਘਰ ਦੇ ਕਰਮਚਾਰੀਆਂ ਨੂੰ ਅਸਾਈਨਮੈਂਟ ਵੀਜੇ ਜਾਰੀ ਕਰਦੇ ਹਨ। ਦੋਵਾਂ ਦੇਸਾਂ ਨੇ ਇਸ ਸਾਲ ਜਨਵਰੀ 'ਚ ਦੁਬਈ 'ਚ ਗੁਪਤ ਗੱਲਬਾਤ ਕੀਤੀ ਅਤੇ ਬੈਕ ਚੈਨਲ ਕੂਟਨੀਤੀ ਦੀ ਸੁਰੂਆਤ ਕੀਤੀ ਸੀ। ਇਸ ਦਾ ਉਦੇਸ ਅਗਲੇ ਕੁਝ ਮਹੀਨਿਆਂ 'ਚ ਸਬੰਧਾਂ ਨੂੰ ਆਮ ਬਣਾਉਣਾ ਸੀ। ਇਸ ਤੋਂ ਬਾਅਦ ਫਰਵਰੀ 2021 'ਚ ਦੋਵਾਂ ਦੇਸਾਂ ਦੀਆਂ ਫੌਜਾਂ ਨੇ ਅਚਾਨਕ ਸੀਜਫਾਇਰ ਦਾ ਐਲਾਨ ਕਰ ਦਿੱਤਾ। ਮਾਰਚ 'ਚ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਭਾਰਤ ਨੂੰ ਅਤੀਤ ਨੂੰ ਦੱਬਣ ਅਤੇ ਸਹਿਯੋਗ ਵੱਲ ਅੱਗੇ ਵਧਣ ਦਾ ਸੱਦਾ ਦਿੱਤਾ ਸੀ। ਵਾਸੀਂਗਟਨ 'ਚ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਰਾਜਦੂਤ ਯੂਸੁਫ ਅਲ ਓਤੈਬਾ ਨੇ ਅਪ੍ਰੈਲ 'ਚ ਸਟੈਨਫੋਰਡ ਯੂਨੀਵਰਸਿਟੀ ਦੇ ਹੂਵਰ ਇੰਸਟੀਚਿਊਸ਼ਨ ਨਾਲ ਇੱਕ ਵਰਚੂਅਲ ਚਰਚਾ 'ਚ ਕਿਹਾ ਸੀ ਕਿ ਯੂ.ਏ.ਈ. ਨੇ ਕਸਮੀਰ 'ਚ ਤਣਾਅ ਅਤੇ ਜੰਗਬੰਦੀ ਨੂੰ ਘਟਾਉਣ 'ਚ ਭੂਮਿਕਾ ਨਿਭਾਈ ਸੀ।



## ਕਤਲ ਕੇਸ ਮਾਮਲੇ ਵਿਚ ਹਾਈ ਕੋਰਟ ਨੇ ਲਿਆ ਅਹਿਮ ਫੈਸਲਾ

**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਚਕੂਲਾ ਸਥਿਤ ਸੀਬੀਆਈ ਦੇ ਵਿਸ਼ੇਸ਼ ਜੱਜ ਨੂੰ ਰਣਜੀਤ ਸਿੰਘ ਕਤਲ ਕੇਸ ਵਿਚ ਫ਼ੈਸਲਾ ਸੁਣਾਉਣ ਤੋਂ ਰੋਕ ਦਿੱਤਾ ਹੈ। ਇਸ ਮਾਮਲੇ ਵਿੱਚ ਡੇਰਾ ਸੱਚਾ ਸੌਦਾ ਮੁਖੀ ਮਲਜਮ ਹੈ। ਮ੍ਰਿਤਕ ਦੇ ਪੁੱਤ ਨੇ ਸੀਬੀਆਈ ਜੱਜ 'ਤੇ ਸਵਾਲ ਖੜ੍ਹੇ ਕਰਨ ਕਰੇ ਹਾਈ ਕੋਰਟ ਨੇ ਇਹ ਫੈਸਲਾ ਦਿੱਤਾ। ਅਦਾਲਤ ਨੇ ਸੀਬੀਆਈ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇਸ ਮਾਮਲੇ ਵਿੱਚ ਆਪਣਾ ਜੁਆਬ ਦਾਖਲ ਕਰੇ। ਸੀਬੀਆਈ ਵਿਸ਼ੇਸ਼ ਅਦਾਲਤ ਨੇ ਇਸ ਕਤਲ ਕੇਸ ਵਿੱਚ 26 ਅਗਸਤ ਫੈਸਲਾ ਸੁਣਾਉਣਾ ਸੀ।



## ਮਹਾਰਾਸ਼ਟਰ 'ਚ ਭਾਜਪਾ ਤੇ ਸ਼ਿਵ ਸੈਨਿਕਾਂ ਵਿਚ ਹੋਇਆ ਜਬਰਦਸਤ ਟਕਰਾਅ

**ਮੁੰਬਈ/ਲੋਕ ਬਾਣੀ**

ਕੇਂਦਰੀ ਮੰਤਰੀ ਨਰਾਇਣ ਰਾਣੇ ਵੱਲੋਂ ਮਹਾਰਾਸਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੂੰ ਕਥਿਤ ਥੱਪੜ ਮਾਰਨ ਸਬੰਧੀ ਦਿੱਤੇ ਬਿਆਨ ਕਾਰਨ ਮਹਾਰਾਸ਼ਟਰ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਟੀਵੀ ਚੈਨਲ ਦੀ ਰਿਪੋਰਟ ਮੁਤਾਬਕ ਉਨ੍ਹਾਂ ਖਿਲਾਫ ਹੁਣ ਤੱਕ ਚਾਰ ਕੇਸ ਦਰਜ ਹੋ ਚੁੱਕੇ ਹਨ। ਰਤਨਾਗਿਰੀ ਅਦਾਲਤ ਨੇ ਉਨ੍ਹਾਂ ਦੀ ਅਗਾਊ ਜਮਾਨਤ ਦੀ ਅਰਜੀ ਰੱਦ ਕਰ ਦਿੱਤੀ ਤੇ ਬੰਬੇ ਹਾਈ ਕੋਰਟ ਨੇ ਪਟੀਸ਼ਨ ਸੁਣਨ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਰਾਏਗੜ੍ਹ ਮੈਜਿਸਟ੍ਰੇਟ ਨੇ ਉਨ੍ਹਾਂ ਨੂੰ ਦੇਰ ਰਾਤ ਜਮਾਨਤ ਦੇ ਦਿੱਤੀ ਹੈ। ਕੇਸ ਦਰਜ ਹੋਣ ਤੋਂ ਬਾਅਦ ਨਾਸਿਕ ਪੁਲੀਸ ਕਮਿਸ਼ਨਰ ਨੇ ਰਾਣੇ ਨੂੰ ਤੁਰੰਤ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਸੀ। ਸ੍ਰੀ ਰਾਣੇ ਨੇ ਦਾਅਵਾ ਕੀਤਾ ਕਿ ਸੁਤੰਤਰਤਾ ਦਿਵਸ ਦੇ ਸੰਬੋਧਨ ਵਿੱਚ ਠਾਕਰੇ ਭੁੱਲ ਗਏ ਸਨ ਕਿ ਦੇਸ ਦੀ ਆਜਾਦੀ ਨੂੰ ਕਿੰਨੇ ਸਾਲ ਹੋਏ ਹਨ। ਜੇ ਉਸ ਵੇਲੇ ਉਹ ਉਥੇ ਹੁੰਦੇ ਤਾਂ ਠਾਕਰੇ ਦੇ ਥੱਪੜ ਮਾਰ ਦਿੰਦੇ। ਉਧਰ ਰਾਣੇ ਦੇ ਮੁੰਬਈ ਸਥਿਤ ਘਰ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ। ਇਸ ਦੌਰਾਨ ਰਾਣੇ ਨੇ ਕਿਹਾ ਕਿ ਉਹ ਆਮ ਆਦਮੀ ਨਹੀਂ ਹਨ ਤੇ ਉਨ੍ਹਾਂ ਨੇ ਕੋਈ ਅਪਰਾਧ ਨਹੀਂ ਕੀਤਾ।

ਇਸ ਦੌਰਾਨ ਮੁੰਬਈ 'ਚ ਰਾਣੇ ਦੇ ਘਰ ਨੇੜੇ ਪ੍ਰਦਰਸ਼ਨ ਕਰਨ ਪੁੱਜ ਸ਼ਿਵ ਸੈਨਿਕਾਂ ਤੇ ਭਾਜਪਾ ਵਰਕਰਾਂ ਵਿਚਾਲੇ ਝੜਪ ਹੋ ਗਈ। ਦੋਵਾਂ ਧਿਰਾਂ ਵਿਚਾਲੇ ਪਥਰਾਅ ਹੋਇਆ। ਹਿੰਸਕ ਭੀੜ ਨੂੰ ਖਿੰਡਾਉਣ ਲਈ ਪੁਲੀਸ ਨੇ ਲਾਠੀਚਾਰਜ ਕੀਤਾ।



## ਬੰਗਾਲ ਦੀ ਖਾੜੀ 'ਚ ਲੱਗੇ ਭੂਚਾਲ ਦੇ ਝਟਕੇ

**ਚੇਨਈ/ਲੋਕ ਬਾਣੀ**

ਚੇਨਈ ਤੋਂ 300 ਕਿਲੋਮੀਟਰ ਦੂਰੀ 'ਤੇ ਬੰਗਾਲ ਦੀ ਖਾੜੀ ਵਿਚ ਸਮੁੰਦਰ ਅੰਦਰ ਮੰਗਲਵਾਰ ਨੂੰ 5.1 ਤੀਬਰਤਾ ਦਾ ਭੂਚਾਲ ਆਇਆ। ਰਾਸ਼ਟਰੀ ਭੂਚਾਲ ਵਿਗਿਆਨ ਕੇਂਦਰ (ਐੱਨ.ਸੀ.ਐੱਸ.) ਨੇ ਦੱਸਿਆ ਕਿ ਦੁਪਹਿਰ 12 ਵਜ ਕੇ 35 ਮਿੰਟ 'ਤੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਇਸ ਦਾ ਕੇਂਦਰ ਆਂਧਰਾ ਪ੍ਰਦੇਸ਼ ਦੇ ਕਾਕੀਨਾਡਾ ਤੋਂ 296 ਕਿਲੋਮੀਟਰ ਦੂਰ ਦੱਖਣੀ-ਦੱਖਣੀ ਪੂਰਬ 'ਚ ਬੰਗਾਲ ਦੀ ਖਾੜੀ ਵਿਚ 10 ਕਿਲੋਮੀਟਰ ਦੀ ਡੂੰਘਾਈ 'ਚ ਸਥਿਤ ਸੀ। ਭੂਚਾਲ ਦਾ ਕੇਂਦਰ ਚੇਨਈ ਤੋਂ 320 ਕਿਲੋਮੀਟਰ ਪੂਰਬੀ-ਉੱਤਰੀ-ਪੂਰਬੀ ਵਿਚ ਸੀ। ਸਥਾਨਕ ਵਾਸੀਆਂ ਨੇ ਦੱਸਿਆ ਕਿ ਭੂਚਾਲ ਕਾਰਨ ਹੋਈ ਜਾਨੀ-ਮਾਲੀ ਨੁਕਸਾਨ ਦੀ ਖ਼ਬਰ ਨਹੀਂ ਹੈ ਪਰ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਝਟਕੇ ਮਹਿਸੂਸ ਕੀਤੇ ਗਏ।

## ਜੰਮੂ ਕਸ਼ਮੀਰ : ਬਾਰਾਮੂਲਾ ਜਿਲ੍ਹੇ 'ਚ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ 'ਚ 3 ਅੱਤਵਾਦੀ ਢੇਰ

**ਸ਼੍ਰੀਨਗਰ/ਲੋਕ ਬਾਣੀ :** ਜੰਮੂ ਕਸ਼ਮੀਰ ਦੇ ਬਾਰਾਮੂਲਾ ਜਲ੍ਹਿੇ 'ਚ ਸੁਰੱਖਿਆ ਫੋਰਸਾਂ ਨੇ ਇਕ ਮੁਕਾਬਲੇ 'ਚ ਮੰਗਲਵਾਰ ਨੂੰ 3 ਅੱਤਵਾਦੀਆਂ ਨੂੰ ਢੇਰ ਕਰ ਦਿੱਤਾ। ਪੁਲਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅੱਤਵਾਦੀਆਂ ਦੀ ਮੌਜੂਦਗੀ ਦੀ ਜਾਣਕਾਰੀ ਮਿਲਣ ਤੋਂ ਬਾਅਦ ਸੁਰੱਖਿਆ ਫੋਰਸਾਂ ਨੇ ਸੋਮਵਾਰ ਦੇਰ ਰਾਤ ਸੋਪੋਰ ਦੇ ਪੇਠਸੀਰ 'ਚ ਘੇਰਾਬੰਦੀ ਕਰ ਕੇ ਤਲਾਸ਼ ਮੁਹਿੰਮ ਸ਼ੁਰੂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਮੰਗਲਵਾਰ ਤੜਕੇ ਅੱਤਵਾਦੀਆਂ ਨੇ ਸੁਰੱਖਿਆ ਫੋਰਸਾਂ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਮੁਕਾਬਲਾ ਸ਼ੁਰੂ ਹੋ ਗਿਆ। ਅਧਿਕਾਰੀ ਨੇ ਦੱਸਿਆ ਕਿ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ 'ਚ ਤਿੰਨ ਅੱਤਵਾਦੀ ਮਾਰੇ ਗਏ ਹਨ। ਅਧਿਕਾਰੀ ਅਨੁਸਾਰ, ਉਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਸਮੂਹ ਦਾ ਪਤਾ ਲਗਾਇਆ ਜਾ ਰਿਹਾ ਹੈ।



## ਪੰਜਾਬ ਦੀ ਸਿਆਸਤ ਵਿੱਚ ਆ ਕੀ ਹੋ ਰਿਹਾ ਹੈ ?

**ਚੰਡੀਗੜ੍ਹ/ਵਿਨੋਦ ਸ਼ਰਮਾ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਖੁੱਲ੍ਹੀ ਬਗਾਵਤ ਕਰਦਿਆਂ ਪੰਜਾਬ ਦੇ ਘੱਟੋ-ਘੱਟ 4 ਮੰਤਰੀਆਂ ਅਤੇ ਰਾਜ ਦੇ ਦੋ ਦਰਜਨ ਦੇ ਕਰੀਬ ਵਿਧਾਇਕਾਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਨੂੰ ਚੋਣ ਵਾਅਦੇ ਪੂਰੇ ਕਰਨ ਵਿੱਚ ਮੁੱਖ ਮੰਤਰੀ 'ਤੇ ਕੋਈ ਭਰੋਸਾ ਨਹੀਂ ਹੈ ਤੇ ਉਨ੍ਹਾਂ ਅਸਿੱਧੇ ਤੌਰ 'ਤੇ ਉਨ੍ਹਾਂ ਦੇ ਬਦਲ ਦੀ ਮੰਗ ਕਰ ਦਿੱਤੀ। ਇਸ ਸਬੰਧੀ ਰਾਜ ਦੇ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਬਦਲਣਾ ਪਾਰਟੀ ਹਾਈਕਮਾਂਡ ਦਾ ਅਧਿਕਾਰ ਹੈ ਪਰ ਉਨ੍ਹਾਂ ਦਾ ਮੁੱਖ ਮੰਤਰੀ 'ਤੇ ਵਿਸਵਾਸ ਨਹੀਂ ਰਿਹਾ। ਪੰਜਾਬ ਮਾਮਲਿਆਂ ਬਾਰੇ ਕਾਂਗਰਸ ਦੇ ਇੰਚਾਰਜ ਹਰੀਸ ਰਾਵਤ ਦੇ ਚੰਡੀਗੜ੍ਹ ਦੌਰੇ ਤੋਂ ਇੱਕ ਦਿਨ ਪਹਿਲਾਂ ਹੋਈ ਇਹ 'ਬਗਾਵਤ' ਨੇ ਮੁੱਖ ਮੰਤਰੀ ਅਤੇ ਪ੍ਰਦੇਸ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਰਮਿਆਨ ਛਿੜੀ ਲੜਾਈ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਮੰਤਰੀ ਤ੍ਰਿਪਤ ਰਜਿੰਦਰ ਬਾਜਵਾ ਦੇ ਸੈਕਟਰ 39 ਸਥਿਤ ਨਿਵਾਸ 'ਤੇ ਬੁਲਾਈ ਬੈਠਕ ਦੌਰਾਨ ਵਿਆਪਕ ਸਹਿਮਤੀ 'ਤੇ ਪਹੁੰਚਣ ਤੋਂ ਬਾਅਦ ਹੋਰ ਚਾਰ ਮੰਤਰੀਆਂ ਨੇ ਵਿਧਾਇਕਾਂ ਦੇ ਨਾਲ ਪੰਜ ਮੈਂਬਰੀ ਵਫਦ ਨੂੰ ਛੇਤੀ ਤੋਂ ਛੇਤੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਮਿਲਣ ਦਾ ਅਧਿਕਾਰ ਦਿੱਤਾ। ਇਹ ਵਫਤ ਹਾਈ ਕਮਾਨ ਕੋਲ ਵਾਅਦੇ ਪੂਰੇ ਨਾ ਕਰਨ ਲਈ ਕੈਪਟਨ ਦੀ ਸ਼ਿਕਾਇਤ ਲਗਾਏਗਾ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਖੇਡਾਂ ਨੂੰ ਕੀਤਾ ਜਾ ਰਿਹਾ ਉਤਸ਼ਾਹਿਤ : ਬਿੰਦਰਾ



**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਯੂਥ ਡਿਵੈਲਪਮੈਂਟ ਬੋਰਡ (ਪੀ.ਵਾਈ.ਡੀ.ਬੀ.) ਦੇ ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਨੇ ਕਿਹਾ ਕਿ ਕੈਪਟਨ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਕਿਉਂਕਿ ਇਹ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਦੋਂ ਸਕੂਲਾਂ ਵਿੱਚ ਆਯੋਜਿਤ ਖੇਡ ਮੀਟਿੰਗਾਂ ਦੀ ਪ੍ਰਧਾਨਗੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਬਿੰਦਰਾ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਮੁਫਤ ਖੇਡ ਕਿੱਟਾਂ ਵੰਡਣ, ਟੂਰਨਾਮੈਂਟ ਆਯੋਜਿਤ ਕਰਨ, ਖਿਡਾਰੀਆਂ ਨੂੰ ਪੌਸ਼ਟਿਕ ਆਹਾਰ ਯਕੀਨੀ ਬਣਾਉਣ, ਕੋਚਾਂ ਦੀ ਨਿਯੁਕਤੀ ਅਤੇ ਬੁਨਿਆਦੀ ਇਮਾਰਤ ਢਾਂਚਾ ਬਣਾ ਕੇ ਸੂਬੇ ਭਰ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕਰ ਰਹੀ ਹੈ। ਸ੍ਰੀ ਬਿੰਦਰਾ ਨੇ ਕਿਹਾ ਕਿ ਖੇਡਾਂ ਇਸ ਲਈ ਵੀ ਮਹੱਤਵਪੂਰਣ ਹਨ ਕਿਉਂਕਿ ਨੌਜਵਾਨਾਂ ਵਿੱਚ ਖੇਡਾਂ ਦੇ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੀ ਅਸੀਮਿਤ ਊਰਜ਼ਾ ਨੂੰ ਪੋਜ਼ਟਿਵ ਦਿਸ਼ਾ ਵੱਲ ਲਿਜਾਣ ਵਿੱਚ ਵੀ ਮੱਦਦ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਖੇਡ ਮੁਕਾਬਲੇ ਨੌਜਵਾਨਾਂ ਦੀ ਕਿਸਮਤ ਬਦਲਣ ਲਈ ਸਮੇਂ ਦੀ ਲੋੜ ਹਨ। ਚੇਅਰਮੈਨ ਨੇ ਕਿਹਾ ਕਿ ਇਹ ਯਕੀਨੀ ਬਣਾਉਣ ਲਈ ਵੱਧ ਤੋਂ ਵੱਧ ਸਮਾਗਮ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ ਕਿ ਨਸ਼ਿਆਂ ਦਾ ਕੋਹੜ ਸੂਬੇ ਵਿੱਚੋਂ ਪੂਰੀ ਤਰ੍ਹਾਂ ਖਤਮ ਹੋ ਜਾਵੇ। ਉਨ੍ਹਾਂ ਨੌਜਵਾਨਾਂ ਨੂੰ ਅੱਗੇ ਆਉਣ ਅਤੇ ਪੰਜਾਬ ਨੂੰ ਦੇਸ਼ ਦਾ ਮੋਹਰੀ ਦਰਜ਼ਾ ਦੇਣ ਵਾਲਾ ਸੂਬਾ ਬਣਾਉਣ ਲਈ ਸੂਬਾ ਸਰਕਾਰ ਦਾ ਸਮਰਥਨ ਕਰਨ ਦਾ ਵੀ ਸੱਦਾ ਦਿੱਤਾ। ਇਨ੍ਹਾਂ ਸਮਾਗਮਾਂ ਦੇ ਆਯੋਜਨ ਲਈ ਸਕੂਲਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਛੇਤੀ ਹੀ ਦੇਸ਼ ਵਿੱਚ ਇੱਕ ਸਿਹਤਮੰਦ ਅਤੇ ਮੋਹਰੀ ਸੂਬੇ ਵਜੋਂ ਉਭਰੇਗਾ। ਲੋਕਾਂ ਨੂੰ ਆਪਣੇ ਬੱਚਿਆਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਨ ਦੀ ਅਪੀਲ ਕਰਦਿਆਂ ਸ੍ਰੀ ਬਿੰਦਰਾ ਨੇ ਕਿਹਾ ਕਿ ਇਹ ਖੇਡਾਂ ਵਿੱਚ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਵਿੱਚ ਸਹਾਈ ਸਿੱਧ ਹੋਣਗੀਆਂ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲਾਵਾਰਿਸ ਮਿਲੀ ਲੜਕੀ, ਉਸਦੇ ਮਾਪਿਆਂ ਨੂੰ ਕੀਤੀ ਸਪੁਰਦ

**ਲੁਧਿਆਣਾ/ਕਰਨ ਅਗਰਵਾਲ**



ਸ੍ਰੀ ਮੁਨੀਸ਼ ਸਿੰਗਲ, ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ੍ਰੀ ਪੀ.ਐਸ.ਕਾਲੇਕਾ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੀ ਦੇਖ-ਰੇਖ ਹੇਠ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਮੁਫਤ ਕਾਨੂੰਨੀ ਸਹਾਇਤਾ ਸਕੀਮ ਅਧੀਨ ਗਠਿਤ ਵਕੀਲਾਂ ਦੇ ਪੈਨਲ ਦੀ ਸੂਚੀ ਵਿੱਚ ਦਰਜ ਐਡਵੋਕੇਟਸ ਨਾਲ ਸਮੇਂ-ਸਮੇਂ ਸਿਰ ਮੀਟਿੰਗਾਂ ਅਤੇ ਸੈਨੇਟਾਈਜੇਸ਼ਨ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਨ੍ਹਾਂ ਮੀਟਿੰਗਾਂ ਦੌਰਾਨ ਸਮੂਹ ਪੈਨਲ ਐਡਵੋਕੇਟ ਨੂੰ ਦੀਆਂ ਵੱਖ-ਵੱਖ ਧਾਰਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਹ ਵੀ ਦੱਸਿਆ ਗਿਆ ਹੈ ਕਿ ਜੇਕਰ ਕਿਸੇ ਪੈਨਲ ਐਡਵੋਕੇਟ ਨੂੰ ਕਿਸੇ ਲਾਵਾਰਿਸ ਬੱਚੇ ਬਾਰੇ ਸੂਚਨਾ ਮਿਲਦੀ ਹੈ ਤਾਂ ਉਸ ਬੱਚੇ ਨੂੰ ਬਾਲ ਭਲਾਈ ਕਮੇਟੀ ਲੁਧਿਆਣਾ ਕੋਲ ਪੇਸ਼ ਕਰਕੇ ਬਾਲ ਘਰ ( ) ਵਿੱਚ ਪਹੁੰਚਾਉਣ ਅਤੇ ਉਸਦੇ ਮਾਤਾ-ਪਿਤਾ ਨੂੰ ਲੱਭਣ ਦੇ ਵੀ ਯਤਨ ਕਰਨ । ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਦਿੱਤੀ ਗਈ ਪ੍ਰੇਰਣਾ ਅਨੁਸਾਰ ਪੈਨਲ ਦੀ ਐਡਵੋਕੇਟ ਮੈਡਮ ਵਿਜੇ ਸ਼ਰਮਾ ਨੂੰ 12 ਅਗਸਤ, 2021 ਨੂੰ ਮਨੂੰ ਵਾਲੀਆ ਪਤਨੀ ਅਵਤਾਰ ਸਿੰਘ ਵਾਸੀ ਮਕਾਨ ਨੰਬਰ 75, ਗਲੀ ਨੰਬਰ 6, ਮੁੰਡੀਆਂ ਕਲਾਂ, ਲੁਧਿਆਣਾ ਵੱਲੋਂ ਸੂਚਨਾ ਦਿੱਤੀ ਗਈ ਕਿ ਉਸਨੂੰ ਇੱਕ ਲਾਵਾਰਿਸ ਲੜਕੀ ਸਮਰਾਲਾ ਚੌਂਕ, ਲੁਧਿਆਣਾ ਤੋਂ ਮਿਲੀ ਹੈ ਜੋ ਆਪਣਾ ਨਾਮ ਅਤੇ ਪਤਾ ਕੁਝ ਨਹੀਂ ਦੱਸ ਪਾ ਰਹੀ ਹੈ । ਡੀ.ਐਲ.ਐਸ.ਏ. ਲੁਧਿਆਣਾ ਦੀ ਪੈਨਲ ਐਡਵੋਕੇਟ ਮੈਡਮ ਵਿਜੇ ਸ਼ਰਮਾ ਵੱਲੋਂ ਇਸ ਲੜਕੀ ਨਾਲ ਤੁਰੰਤ ਸੰਪਰਕ ਕੀਤਾ ਗਿਆ ਅਤੇ ਉਸ ਲੜਕੀ ਤੋਂ ਉਸਦੇ ਮਾਤਾ-ਪਿਤਾ ਦਾ ਨਾਮ ਅਤੇ ਪਤਾ ਪੁਛਿੱਆ ਗਿਆ ਤਾਂ ਉਸਨੇ ਆਪਣਾ ਨਾਮ ਦੀਪਾ, ਮਾਤਾ ਦਾ ਨਾਮ ਸੰਗੀਤਾ ਅਤੇ ਪਿਤਾ ਦਾ ਨਾਮ ਜਗਦੀਸ਼ ਦੱਸਿਆ । ਡੀ.ਐਲ.ਐਸ.ਏ. ਲੁਧਿਆਣਾ ਦੀ ਪੈਨਲ ਐਡਵੋਕੇਟ ਮੈਡਮ ਵਿਜੇ ਸ਼ਰਮਾ ਵੱਲੋਂ ਇਸ ਲੜਕੀ ਸਬੰਧੀ ਥਾਣਾ ਡਵੀਜਨ ਨੰਬਰ 7 ਅਤੇ ਪੁਲਿਸ ਚੌਂਕੀ, ਕੋਰਟ ਕੰਪਲੈਕਸ, ਲੁਧਿਆਣਾ ਵਿੱਚ ਇਤਲਾਹ ਦਿੱਤੀ ਗਈ। ਲੜਕੀ ਤੋਂ ਪੁੱਛਣ ਤੇ ਉਸਨੇ ਦੱਸਿਆ ਕਿ ਉਹ ਪਿੰਡ ਅੱਟਾ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਦੀ ਰਹਿਣ ਵਾਲੀ ਹੈ। ਲੜਕੀ ਦੇ ਦੱਸਣ ਮੁਤਾਬਕ । ਡੀ.ਐਲ.ਐਸ.ਏ. ਲੁਧਿਆਣਾ ਦੀ ਪੈਨਲ ਐਡਵੋਕੇਟ ਮੈਡਮ ਵਿਜੇ ਸ਼ਰਮਾ ਵੱਲੋਂ ਸਬੰਧਤ ਥਾਣੇ (ਥਾਣਾ ਗੁਰਾਇਆਂ ਜਿਲ੍ਹਾ ਜਲੰਧਰ) ਦੇ ਐਸ.ਐਚ.ਓ. ਨਾਲ ਸੰਪਰਕ ਕੀਤਾ ਗਿਆ ਤਾਂ ਸਬੰਧਤ ਐਸ.ਐਚ.ਓ. ਵੱਲੋਂ ਦੱਸਿਆ ਗਿਆ ਕਿ ਇਸ ਲੜਕੀ ਦੇ ਮਾਪਿਆਂ ਵੱਲੋਂ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਨੰਬਰ 111 ਮਿਤੀ 13-08-2021 ਜੇਰੇ ਧਾਰਾ 363, 366 ਆਈ.ਪੀ.ਸੀ., ਥਾਣਾ ਗੁਰਾਇਆ (ਜਿਲ੍ਹਾ ਜਲੰਧਰ) ਦਰਜ ਹੈ । ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਮੁਤਾਬਕ ਡੀ.ਐਲ.ਐਸ.ਏ. ਲੁਧਿਆਣਾ ਦੀ ਪੈਨਲ ਐਡਵੋਕੇਟ ਮੈਡਮ ਵਿਜੇ ਸ਼ਰਮਾ ਵੱਲੋਂ ਇਸ ਲੜਕੀ ਦੇ ਸਹੀ ਮਾਤਾ-ਪਿਤਾ ਦੀ ਖੋਜ ਕਰਕੇ ਇਸ ਲੜਕੀ ਨੂੰ 16 ਅਗਸਤ, 2021 ਨੂੰ ਸਬੰਧਤ ਐਸ.ਐਚ.ਓ. ਅਤੇ ਹੋਰ ਪਤਵੰਤੇ ਸੱਜਣਾਂ ਦੀ ਮੌਜੂਦਗੀ ਵਿੱਚ ਉਸਦੇ ਮਾਤਾ-ਪਿਤਾ ਦੇ ਸਪੁਰਦ ਕਰ ਦਿੱਤਾ ਗਿਆ ।

# ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਵੋਟਾਂ ਵਿਚ ਅਹਿਮ ਰੋਲ ਨਿਭਾਏਗੀ ਚਮਕੌਰ ਸਿੰਘ



**ਧਰਮਕੋਟ/ਰਣਜੀਤ ਸਿੰਘ ਸੰਧੂ**

ਇੰਡੀਅਨ ਨੈਸਨਲ ਟਰੇਡ ਯੂਨੀਅਨ ਕਾਂਗਰਸ ਬਲਾਕ ਧਰਮਕੋਟ ਦੇ ਕਾਰਜਕਾਰੀ ਪ੍ਰਧਾਨ ਚਮਕੌਰ ਸਿੰਘ ਬੁੱਟਰ ਮੈਂ ਅੱਜ ਪ੍ਰੈਸ ਮਿਲਣੀ ਦੌਰਾਨ ਕਿਹਾ ਕੇ ਇੰਟਕ ਆਉਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਹਿਮ ਰੋਲ ਨਿਭਾਵੇਗੀ ਉਹਨਾਂ ਨੇ ਕਿਹਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਰਿਕਾਰਡ ਤੋੜ ਵਿਕਾਸ ਦੇ ਕੰਮ ਹੋਏ ਹਨ ਰਿਕਾਰਡ ਤੋੜ ਕਮਾ ਦੇ ਚੱਲਦੇ 2022 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦਬਾਅ ਫਿਰ ਸੱਤਾ ਵਿਚ ਆਵੇਗੀ ਉਨ੍ਹਾਂ ਕਿਹਾ ਕੇ ਜਲ੍ਹਿਾ ਪ੍ਰਧਾਨ ਵਿਜੇ ਧੀਰ ਦੀ ਐਡਵੋਕੇਟ ਦੀ ਅਗਵਾਈ ਵਿਚ ਇੰਟਕ ਵਰਕਰ 2022 ਦੀਆਂ ਚੋਣਾਂ ਦੀ ਤਿਆਰੀ ਵਿਚ ਜੁਟੇ ਹੋਏ ਹਨ ਉਨ੍ਹਾਂ ਕਿਹਾ ਹਲਕਾ ਵਿਧਾਇਕ ਸੁਖਜੀਤ ਸਿੰਘ ਕਮਾ ਦੇ ਕਾਕਾ ਲੋਹਗੜ ਹਲਕੇ ਵਿਚ ਵਿਕਾਸ ਦੇ ਕੰਮਾਂ ਬੀ ਹਨੇਰੀ ਲਿਆਂਦੀ ਹੋਈ ਹੈ ਉਨ੍ਹਾਂ ਕਿਹਾ ਕੇ ਹਲਕੇ ਦੇ ਹਰਮਨ ਪਿਆਰੇ ਨੇਤਾ ਹਲਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰੀ ਬਹੁਮੱਤ ਨਾਲ ਯਤਨ ਕਰਨਗੇ ਅਤੇ ਹਲਕੇ ਦੇ ਲੋਕਾਂ ਦੀ ਜਿੱਤ ਹਾਸਲ ਕਰ ਕੇ ਦੁਬਾਰਾ ਫਿਰ ਸੇਵਾ ਕਰਨਗੇ ਇਸ ਮੌਕੇ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਜੋ ਪਹਿਲਾਂ ਵੋਟਾਂ ਵਿੱਚ ਵਾਅਦੇ ਕੀਤੇ ਸਨ ਉਹ ਸਾਰੇ ਪੂਰੇ ਕੀਤੇ ਜਾਣ ਇਸ ਸਮੇਂ ਉਨ੍ਹਾਂ ਦੇ ਨਾਲ ਮਨਰੇਗਾ ਬਲਾਕ ਪ੍ਰਧਾਨ ਕਰਨੈਲ ਸਿੰਘ ਇੰਟਕ ਬਲਾਕ ਮੀਤ ਪ੍ਰਧਾਨ ਜਸਵੀਰ ਸਿੰਘ ਨਾਥਾ ਸਿੰਘ ਅਮਰਜੀਤ ਸਿੰਘ ਸਿੱਧੂ ਜਗਦੇਵ ਸਿੰਘ ਨਛੱਤਰ ਸਿੰਘ ਆਦ ਹਾਜਰ ਸਨ।

# ਲੈਕਚਰਾਰ ਤੇਜਿੰਦਰ ਸਿੰਘ ਜਸ਼ਨ ਨੇ ਵੱਖ-ਵੱਖ ਸਕੂਲਾਂ ਵਿਚ ਫ਼ਲਦਾਰ ਪੌਦੇ ਲਗਾਉਂਣ ਦੀ ਮੁਹਿਮ ਵਿੱਢੀ



**ਮੋਗਾ, ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਜਾਬ ਵਿਚ ਖਾਸ ਕਰ ਮੋਗਾ ਜ਼ਿਲੇ ਅੰਦਰ ਰੁੱਖਾਂ ਹੇਠਲੇ ਘੱਟਦੇ ਰਕਬੇ ਅਤੇ ਜ਼ਮੀਨ ਹੇਠਲੇ ਪਾਣੀ ਦੇ ਡਿੱਗਦੇ ਪੱਧਰ 'ਚ ਸੁਧਾਰ ਲਿਆਉਣ ਲਈ ਅਗਰਸਰ ਵਾਤਾਵਰਨ ਪ੍ਰੇਮੀ ਲੈਕਚਰਾਰ ਤੇਜਿੰਦਰ ਸਿੰਘ ਜਸ਼ਨ ਸਟੇਟ ਐਵਾਰਡੀ ਵੱਲੋਂ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ ਹੈ। ਪਿੰਡ ਘੱਲ ਕਲਾਂ ਦੇ ਸਰਕਾਰੀ ਹਾਈ ਸਕੂਲ ਵਿਖੇ ਆਪਣੇ ਹੱਥੀਂ ਅੰਬ ਦਾ ਪੌਦਾ ਲਗਾਉਂਦੇ ਹੋਏ ਸਰਕਾਰੀ ਹਾਈ ਸਕੂਲ ਖੁਖਰਾਣਾ ਦੇ ਇੰ: ਪ੍ਰਿੰਸੀਪਲ ਤੇਜਿੰਦਰ ਸਿੰਘ ਜਸ਼ਨ ਨੇ ਆਖਿਆ ਕਿ ਬੇਸ਼ੱਕ ਵਾਤਾਵਰਨ ਦੀ ਸ਼ੁੱਧਤਾ ਲਈ ਪੌਦੇ ਲਗਾਉਣੇ ਬੇਹੱਦ ਜ਼ਰੂਰੀ ਹਨ ਪਰ ਜਿਸ ਕਦਰ ਤਕਨੀਕ ਦੀ ਆਮਦ ਕਾਰਨ ਪੰਛੀਆਂ ਲਈ ਖਾਣ ਨੂੰ ਕੁਝ ਵੀ ਨਹੀਂ ਬਚਿਆ, ਅਜਿਹੇ ਹਾਲਾਤ ਵਿਚ ਫਲ਼ਦਾਰ ਪੌਦੇ ਲਗਾਉਣ ਨਾਲ ਨਾ ਸਿਰਫ਼ ਪੰਛੀਆਂ ਲਈ ਭੋਜਨ ਮੁਹਈਆ ਹੋਵੇਗਾ ਬਲਕਿ ਨਿੱਕੇ ਬਾਲਾਂ ਨੂੰ ਵੀ ਫ਼ਲ ਖਾਣ ਨੂੰ ਮਿਲਣਗੇ ਅਤੇ ਰਵਾਇਤੀ ਪੰਜਾਬ ਸਿਰਜਿਆ ਜਾ ਸਕੇਗਾ। ਉਹਨਾਂ ਇਸ ਮੌਕੇ ਸਕੂਲ ਦੇ ਮੁਖੀ ਨਾਇਬ ਸਿੰਘ ਹੈੱਡ ਮਾਸਟਰ, ਰਾਜੇਸ਼ ਕੁਮਾਰ ਸੂਦ, ਅਮਰਪ੍ਰੀਤ ਸਿੰਘ, ਭੁਪਿੰਦਰਜੀਤ ਵਿਕਰਮ,ਖੇਮ ਚੰਦ, ਮੱਸਾ ਸਿੰਘ ਅਤੇ ਸਮੁੱਚੇ ਸਟਾਫ਼ ਦੀ ਤਾਰੀਫ਼ ਕਰਦਿਆਂ ਆਖਿਆ ਕਿ ਘੱਲ ਕਲਾਂ ਸਕੂਲ ਵਿਚ ਪਹਿਲਾਂ ਹੀ ਲਗਾਏ ਪੌਦੇ ਰੁੱਖ ਬਣ ਚੁੱਕੇ ਹਨ ਜੋ ਨਾ ਸਿਰਫ਼ ਸਕੂਲ ਵਿਚ ਖੂਬਸੂਰਤੀ ਪੈਦਾ ਕਰਦੇ ਹਨ ਬਲਕਿ ਪ੍ਰਦੂਸ਼ਣ ਮੁਕਤ ਵਾਤਵਰਨ ਵੀ ਸਿਰਜਦੇ ਨੇ। ਇਸ ਮੌਕੇ ਸਕੂਲ ਮੁਖੀ ਨਾਇਬ ਸਿੰਘ ਨੇ ਲੈਕਚਰਾਰ ਤੇਜਿੰਦਰ ਸਿੰਘ ਜਸ਼ਨ ਸਟੇਟ ਐਵਾਰਡੀ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹਨਾਂ ਵੱਲੋਂ ਵੱਖ ਵੱਖ ਸਕੂਲਾਂ ਵਿਚ ਫਲਦਾਰ ਰੁੱਖ ਲਗਾਉਣ ਦੀ ਚਲਾਈ ਮੁਹਿੰਮ ਲਈ ਉਹ ਪੂਰਨ ਸਹਿਯੋਗ ਦੇਣਗੇ।

# ਸੰਯੁਕਤ ਕਿਸਾਨ ਮੋਰਚੇ ਦੀ ਵੱਡੀ ਜਿੱਤ ਗੰਨੇ ਦੇ ਭਾਅ 'ਚ 50 ਰੁਪਏ ਵਾਧਾ : ਬਹਿਰਾਮਕੇ

**ਮੋਗਾ ਕੋਟ ਈਸੇ ਖਾਂ/ਦਵਿੰਦਰ ਸਿੰਘ ਬਿੱਟੂ**




ਪ੍ਰੈਸ ਨਾਲ ਗੱਲਬਾਤ ਕਰਦਿਆਂ ਬੀਕੇਯੂ ਪੰਜਾਬ ਦੇ ਰਾਸਟਰੀ ਜਨਰਲ ਸਕੱਤਰ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵਲੋਂ 20 ਅਗਸਤ ਤੋਂ ਧੰਨੋਵਾਲੀ ਫਾਟਕ ਨੇੜੇ ਰਾਮਾ ਮੰਡੀ ਜਲੰਧਰ ਵਿਖੇ ਅਣਮਿਥੇ ਸਮੇਂ ਲਈ ਹਾਈਵੇ ਜਾਮ ਕਰਕੇ ਧਰਨਾ ਚੱਲ ਰਿਹਾ ਸੀ ਪਰ ਪੰਜਾਬ ਸਰਕਾਰ ਨਾਲ ਪਿਛਲੇ ਦਿਨੀਂ ਮੀਟਿੰਗਾਂ ਦੋਰਾਨ ਅੱਜ ਕਿਸਾਨ ਆਗੂਆਂ ਨਾਲ ਮੁੱਖ ਮੰਤਰੀ ਪੰਜਾਬ ਨਾਲ ਹੋਈ ਮੀਟਿੰਗ ਵਿੱਚ ਗੰਨੇ ਦਾ 50 ਰੁਪਏ ਪ੍ਰਤੀ ਕੁਇੰਟਲ ਮਗਰ ਹੋਇਆ ਵਾਧਾ ਗੰਨਾਂ ਕਾਸਤਕਾਰਾਂ ਤੇ ਕਿਸਾਨਾਂ ਤੇ ਸੰਯੁਕਤ ਕਿਸਾਨ ਮੋਰਚੇ ਦੀ ਇਤਿਹਾਸਕ ਜਿੱਤ ਹੋਈ ਤੇ ਇਸ ਤਰਾ ਅੱਜ ਸਾਰੇ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਚ ਖੁਸੀ ਦੀ ਲਹਿਰ ਦੌੜ ਗਈ ਇਸ ਮੌਕੇ - ਮਲੂਕ ਸਿੰਘ ਨੰਬਰਦਾਰ ਮੇਬਰ ਐਗਜੇਕਟਿਵ ਕਮੇਟੀ ਪੰਜਾਬ,। ਅੰਗਰੇਜ ਸਿੰਘ ਬਹਿਰਾਮਕੇ, ਜਾਗੀਰ ਸਿੰਘ ਸਾਦੀਵਾਲਾ ਕਿਸਾਨ ਆਗੂ , ਤੇਜਾ ਸਿੰਘ ਹਸਨੇਕਾ , ਫਤਹਿ ਸਿੰਘ ਭਿੰਡਰ, ਗੋਪਾਲ ਸਿੰਘ ਸਾਦੀਵਾਲਾ, ਅਮਰੀਕ ਸਿੰਘ ਬਹਿਰਾਮਕੇ, ਜੱਸ ਗੜਾ, ਬਖਸੀਸ ਸਿੰਘ, ਮਹਿੰਦਰ ਸਿੰਘ ਮੋਜੇਵਾਲਾ, ਬਲਵੀਰ ਸਿੰਘ, ਬਲਦੇਵ ਸਿੰਘ ਅਮੀਵਾਲਾ, ਹਾਜਰ ਸਨ

# ਵਿਧਾਇਕ ਡਾ: ਹਰਜੋਤ ਕਮਲ ਨੇ ਮੋਗਾ ਦੇ ਲੋੜਵੰਦ ਪਰਿਵਾਰਾਂ ਨੂੰ ਸ਼ਹਿਰੀ ਆਵਾਸ ਯੋਜਨਾ ਤਹਿਤ ਘਰ ਤਾਮੀਰ ਕਰਨ ਲਈ ਵੰਡੇ ਅਧਿਕਾਰਿਤ ਪੱਤਰ

## ਕਿਹਾ, ਪੰਜਾਬ ਅਵਾਸ ਯੋਜਨਾ ਤਹਿਤ 883 ਲਾਭਪਾਤਰੀਆਂ ਦੇ ਆਪਣੇ ਘਰ ਦਾ ਸੁਪਨਾ ਹੋਵੇਗਾ ਪੂਰਾ

**ਮੋਗਾ, ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪ੍ਰਧਾਨ ਮੰਤਰੀ ਅਵਾਸ ਯੋਜਨਾ (ਸ਼ਹਿਰੀ) ਤਹਿਤ ਅੱਜ ਵਿਧਾਇਕ ਡਾ: ਹਰਜੋਤ ਕਮਲ, ਨਗਰ ਨਿਗਮ ਦੇ ਕਮਿਸ਼ਨਰ ਸੁਰਿੰਦਰ ਸਿੰਘ, ਮੇਅਰ ਨੀਤਿਕਾ ਭੱਲਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ ਪੀਨਾ, ਡਿਪਟੀ ਮੇਅਰ ਅਸ਼ੋਕ ਧਮੀਜਾ ਅਤੇ ਵੱਖ ਵੱਖ ਵਾਰਡਾਂ ਦੇ ਕੌਂਸਲਰਾਂ ਨੇ ਵਿਸ਼ੇਸ਼ ਮੀਟਿੰਗ ਦੌਰਾਨ ਅਵਾਸ ਯੋਜਨਾ (ਸ਼ਹਿਰੀ) ਲਈ ਆਈਆਂ ਅਰਜ਼ੀਆਂ ਦੇ ਲਾਭਪਾਤਰੀਆਂ ਨੂੰ ਅਧਿਕਾਰਤ ਪੱਤਰ ਜਾਰੀ ਕਰ ਦਿੱਤੇ ਜਿਸ ਤਹਿਤ ਇਕ ਲੱਖ 75 ਹਜ਼ਾਰ ਰੁਪਏ ਪ੍ਰਤੀ ਪਰਿਵਾਰ, ਲਾਭਪਾਤਰੀਆਂ ਨੂੰ ਘਰ ਬਣਾਉਣ ਲਈ ਰਾਸ਼ੀ ਉਹਨਾਂ ਦੇ ਖਾਤਿਆਂ ਵਿਚ ਪਾ ਦਿੱਤੀ ਜਾਵੇਗੀ।




ਇਸ ਮੌਕੇ ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਕਿ ਹਰ ਵਿਅਕਤੀ ਦਾ ਸੁਪਨਾ ਹੁੰਦਾ ਕਿ ਉਸ ਦਾ ਆਪਣਾ ਇਕ ਘਰ ਹੋਵੇ ਪਰ ਉਸ ਵਿਅਕਤੀ ਕੋਲ ਘਰ ਬਣਾਉਣ ਨੂੰ ਜਗਹ ਤਾਂ ਹੁੰਦੀ ਹੈ ਪਰ ਸੰਸਾਧਨਾਂ ਦੀ ਘਾਟ ਕਾਰਨ ਉਸ ਕੋਲ ਇਨਾਂ ਪੈਸਾ ਨਹੀਂ ਹੁੰਦਾ ਜਿਸ ਨਾਲ ਉਹ ਘਰ ਬਣਾ ਸਕੇ। ਡਾ: ਹਰਜੋਤ ਕਮਲ ਨੇ ਆਖਿਆ ਕਿ ਅਜਿਹੇ ਪਰਿਵਾਰਾਂ ਦੇ ਘਰ ਦਾ ਸੁਪਨਾ ਸਾਕਾਰ ਕਰਨ ਲਈ ਸਰਕਾਰ ਵੱਲੋਂ ਇਕ ਰਾਸ਼ੀ ਨਿਸ਼ਚਿਤ ਕੀਤੀ ਗਈ ਹੈ ਜਿਸ ਨਾਲ ਉਹ ਆਪਣੇ ਲਈ ਰਹਿਣਯੋਗ ਘਰ ਬਣਾ ਸਕਦਾ ਹੈ । ਉਹਨਾਂ ਆਖਿਆ ਕਿ ਅੱਜ ਕਮਿਸ਼ਨਰ ਸੁਰਿੰਦਰ ਸਿੰਘ ਅਤੇ ਨਗਰ ਨਿਗਮ 'ਚ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਸਮੁੱਚੀ ਟੀਮ ਨੇ ਆਪਣੇ ਆਪਣੇ ਵਾਰਡਾਂ ਤੋਂ ਆਏ ਬਿਨੇ ਪੱਤਰਾਂ 'ਤੇ ਵਿਚਾਰ ਕਰਦਿਆਂ ਕੀਤੇ ਸਰਵੇ ਉਪਰੰਤ ੮੮੩ ਲਾਭਪਾਤਰੀਆਂ ਦੀ ਚੋਣ ਕੀਤੀ ਹੈ ਜਿਹਨਾਂ ਨੂੰ ਪੰਜਾਬ ਸ਼ਹਿਰੀ ਆਵਾਸ ਯੋਜਨਾ ਦਾ ਲਾਹਾ ਦਿੱਤਾ ਜਾ ਰਿਹਾ ਹੈ ਅਤੇ ਅੱਜ ਇਹਨਾਂ ਲਾਭਪਾਤਰੀਆਂ ਨੂੰ ਬੁਲਾ ਕੇ ਇਹਨਾਂ ਨੂੰ ਇਸ ਯੋਜਨਾ ਤਹਿਤ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਪਾਸ ਹੋਈਆਂ ਅਰਜ਼ੀਆਂ ਵਾਲਿਆਂ ਨੂੰ ਵੀ ਬੁਲਾ ਕੇ ਇਸ ਯੋਜਨਾ ਦਾ ਲਾਭ ਦੇ ਦਿੱਤਾ ਜਾਵੇਗਾ। ਉਹਨਾਂ ਆਖਿਆ ਕਿ ਕਿਸੇ ਵੀ ਲਾਭਪਤਾਰੀ ਨੂੰ ਘਰ ਬਣਾਉਣ ਲਈ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਨਗਰ ਨਿਗਮ 'ਚ ਜਾਂ ਉਹਨਾਂ ਦੇ ਮੋਗਾ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਕਮਿਸ਼ਨਰ ਸੁਰਿੰਦਰ ਸਿੰਘ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ (ਸ਼ਹਿਰੀ) ਤਹਿਤ ਦਿੱਤੀ ਜਾ ਰਹੀ ਡੇਢ ਲੱਖ ਰੁਪਏ ਦੀ ਰਾਸ਼ੀ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਹੋਰ 25 ਹਜ਼ਾਰ ਦੀ ਰਾਸ਼ੀ ਦਿੱਤੀ ਜਾ ਰਹੀ ਹੈ ਤਾਂ ਕਿ ਲਾਭਪਾਤਰੀ ਨੂੰ ਘਰ ਬਣਾਉਣ ਵਿਚ ਕੋਈ ਦਿੱਕਤ ਪੇਸ਼ ਨਾ ਆਵੇ। ਕਮਿਸ਼ਨਰ ਨੇ ਆਖਿਆ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪਹਿਲਾਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਦਾ ਲਾਹਾ ਲੈਣ ਵਾਲੇ ਲਾਭਪਤਾਰੀਆਂ ਨੂੰ ਸਿਲਸਿਲੇਵਾਰ ਘਰ ਦੀਆਂ ਨੀਹਾਂ ਤੋਂ ਲੈ ਕੇ ਹੋਰ ਕੰਮ ਲਈ ਤਸਵੀਰਾਂ ਵੈੱਬ ਪੋਰਟਲ 'ਤੇ ਅਪਲੋਡ ਕਰਨ 'ਤੇ ਸਹਾਇਤਾ ਰਾਸ਼ੀ ਜਾਰੀ ਕੀਤੀ ਜਾਂਦੀ ਸੀ ਪਰ ਹੁਣ ਪੁਰਾਣੇ ਘਰ ਦੀਆਂ ਤਸਵੀਰਾਂ ਜਾਂ ਜ਼ਰਜ਼ਰ ਘਰ ਦੀ ਹਾਲਤ ਦੀਆਂ ਤਸਵੀਰਾਂ ਪੋਰਟਲ 'ਤੇ ਪਾਉਣ ਉਪਰੰਤ ਲਾਭਪਾਤਰੀ ਨੂੰ ਸਹਾਇਤਾ ਰਾਸ਼ੀ ਮੁਹੱਈਆ ਕਰਵਾ ਦਿੱਤੀ ਜਾਵੇਗੀ ਤਾਂ ਕਿ ਉਹ ਗੁੰਝਲਦਾਰ ਪਰਿਕਿਰਿਆ ਤੋਂ ਮੁਕਤ ਹੋ ਕੇ ਰਾਸ਼ੀ ਪ੍ਰਾਪਤ ਕਰਦਿਆਂ ਘਰ ਦੀਆਂ ਨੀਹਾਂ ਤੋਂ ਹੀ ਲਾਭ ਪ੍ਰਾਪਤ ਕਰ ਸਕੇ।

ਇਸ ਮੌਕੇ ਵਿਧਾਇਕ ਡਾ: ਹਰਜੋਤ ਕਮਲ ਤੋਂ ਇਲਾਵਾ ਮੇਅਰ ਨੀਤਿਕਾ ਭੱਲਾ, ਕਮਿਸ਼ਨਰ ਸੁਰਿੰਦਰ ਸਿੰਘ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ ਪੀਨਾ ਅਤੇ ਡਿਪਟੀ ਮੇਅਰ ਅਸ਼ੋਕ ਧਮੀਜਾ ਨੇ ਵੱਖ ਵੱਖ ਵਾਰਡਾਂ ਦੇ ਕੌਂਸਲਰਾਂ ਦੀ ਹਾਜ਼ਰੀ ਵਿਚ ਲਾਭਪਾਤਰੀਆਂ ਨੂੰ ਅਧਿਕਾਰਤ ਪੱਤਰ ਜਾਰੀ ਕਰਦਿਆਂ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਮੌਕੇ ਪੀ ਏ ਅਮਿਤ ਪਾਲ ਸਿੰਘ ਤੋਂ ਇਲਾਵਾ ਨਵੀਨ ਸਿੰਗਲਾ, ਕੌਂਸਲਰ ਪ੍ਰਵੀਨ ਮੱਕੜ, ਦੀਪਕ ਭੱਲਾ, ਕੌਂਸਲਰ ਵਿਜੇ ਖੁਰਾਣਾ, ਕੌਂਸਲਰ ਨਰਿੰਦਰ ਬਾਲੀ, ਕੌਂਸਲਰ ਛਿੰਦਾ ਬਰਾੜ, ਕੌਂਸਲਰ ਲਖਵੀਰ ਸਿੰਘ ਲੱਖਾ ਦੁੱਨੇਕੇ, ਕੌਂਸਲਰ ਗੁਰਪ੍ਰੀਤ ਸਿੰਘ ਸੱਚਦੇਵਾ, ਕੌਂਸਲਰ ਸਾਹਿਲ ਅਰੋੜਾ, ਕੌਂਸਲਰ ਗੌਰਵ ਗਰਗ ਚੇਅਰਮੈਨ ਸੋਸ਼ਲ ਮੀਡੀਆ ਸੈੱਲ ਮੋਗਾ ਸ਼ਹਿਰੀ, ਕੌਂਸਲਰ ਬੂਟਾ ਸਿੰਘ ਪ੍ਰਧਾਨ ਟਰੱਕ ਯੂਨੀਅਨ, ਵਿਕਰਮ ਸਿੰਘ ਪੱਤੋ ਪ੍ਰਧਾਨ ਸ਼ਹਿਰੀ ਯੂਥ ਕਾਂਗਰਸ, ਸੀਨੀਅਰ ਕਾਂਗਰਸੀ ਆਗੂ ਸੰਜੀਵ ਅਰੋੜਾ, ਕੌਂਸਲਰ ਤੀਰਥ ਪ੍ਰਧਾਨ ਆਦਿ ਹਾਜ਼ਰ ਸਨ।

## ਸਮਾਜ ਸੇਵਕ ਰਾਜੀਵ ਗਰਗ ਲੋਕਾਂ ਨੂੰ ਕਰ ਰਹੇ ਹਨ ਟੀਕਾਕਰਨ ਲਈ ਪ੍ਰੇਰਿਤ-ਜੁਝਾਰ ਸਿੰਘ

**ਸੁਨਾਮ/ਵਰਮਾ :** ਸ਼੍ਰੀ ਬਾਲਾ ਜੀ ਧਾਮ ਵਿਖੇ ਲਗਾਏ ਗਏ ਕੋਵਿਡ-19 ਮੁਫਤ ਟੀਕਾਕਰਨ ਕੈਂਪ ਦੌਰਾਨ ਜੁਝਾਰ ਸਿੰਘ ਨੇ ਪਹਿਲਾ ਵੈਕਸੀਨੇਸ਼ਨ ਕਰਵਾਇਆ। ਇਸ ਮੌਕੇ ਜੁਝਾਰ ਸਿੰਘ ਨੇ ਕਿਹਾ ਕਿ ਸਮਾਜ ਸੇਵਕ ਅਤੇ ਵਪਾਰੀ ਆਗੂ ਰਾਜੀਵ ਗਰਗ ਵੱਲੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਟੀਕਾਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਮੇਰੇ ਵੱਲੋਂ ਟੀਕਾਕਰਨ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਤੋਂ ਬਚਣ ਲਈ ਸਾਰਿਆਂ ਨੂੰ ਰਿਹਾਅ ਕਰਨ ਜ਼ਰੂਰ ਕਰਵਾਉਣਾ ਚਾਹੀਦਾ ਹੈ। ਟੀਕਾਕਰਨ ਤੋਂ ਘਬਰਾਉਣ ਦੀ ਜਰੂਰਤ ਨਹੀਂ। ਕਿਉਂਕਿ ਇਹ ਸਾਡੇ ਸਰੀਰ ਵਿੱਚ ਕੋਰੋਨਾ ਵਾਇਰਸ ਨਾਲ ਲੜਨ ਦੀ ਤਾਕਤ ਪੈਦਾ ਕਰਦਾ ਹੈ। ਜਿਸ ਕਾਰਨ ਟੀਕਾਕਰਨ ਕਰਵਾਉਣ ਵਾਲੇ ਲੋਕਾਂ ਦੇ ਸਰੀਰ ਵਿੱਚ ਕੋਰੋਨਾ ਵਾਇਰਸ ਨਾਲ ਲੜਨ ਦੀ ਤਾਕਤ ਆਉਣ ਕਾਰਨ ਕੋਰੋਨਾ ਵਾਇਰਸ ਦਾ ਖਤਰਾ ਬਹੁਤ ਘਟ ਜਾਂਦਾ ਹੈ। ਜੁਝਾਰ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਫਤ ਟੀਕਾਕਰਨ ਦਾ ਲਾਭ ਸਾਰਿਆਂ ਨੂੰ ਲੈਣਾ ਚਾਹੀਦਾ ਹੈ ਅਤੇ ਆਪਣੇ ਪਰਿਵਾਰ ਸਮੇਤ ਟੀਕਾਕਰਨ ਜ਼ਰੂਰ ਕਰਵਾਉਣਾ ਚਾਹੀਦਾ ਹੈ।




# ਦੇਸ਼ 'ਚ ਵੱਧ ਰਹੀ ਮਾਬ ਲਾਚਿੰਗ ਇਨਸਾਨੀਅਤ ਲਈ ਸ਼ਰਮਨਾਕ - ਗੁੰਡਾਗਰਦੀ ਨੂੰ ਇੱਕ ਜੁੱਟ ਹੋ ਕੇ ਰੋਕਣਾ ਜਰੂਰੀ : ਨਾਇਬ ਸ਼ਾਹੀ ਇਮਾਮ

**ਲੁਧਿਆਣਾ/ਕਰਨ ਅਗਰਵਾਲ**

ਇੰਦੌਰ 'ਚ ਇੱਕ ਚੂੜੀ-ਕੰਗਣ ਵੇਚਣ ਵਾਲੇ ਗਰੀਬ ਵਿਅਕਤੀ ਨੂੰ ਸਿਰਫ ਉਸਦੇ ਧਰਮ ਦੀ ਵਜਾ ਨਾਲ ਭੀੜ ਤੰਤਰ ਵੱਲੋਂ ਕੁੱਟਣਾ ਸ਼ਰਮਨਾਕ ਹੈ, ਇਹ ਗੱਲ ਅੱਜ ਇੱਥੇ ਲੁਧਿਆਣਾ ਜਾਮਾ ਮਸਜਿਦ ਤੋਂ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਹੀ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਦੇਸ਼ 'ਚ ਆਏ ਦਿਨ ਵੱਧ ਰਹੇ ਮਾਬ ਲਾਚਿੰਗ ਦੇ ਮਾਮਲੇ ਇਨਸਾਨੀਅਤ ਲਈ ਸ਼ਰਮ ਦੀ ਗੱਲ ਹੈ, ਭਾਰਤ 'ਚ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਸਸਤੀ ਸ਼ੋਹਰਤ ਅਤੇ ਸਮਾਜ 'ਚ ਨਫਰਤ ਫੈਲਾਉਣ ਦਾ ਸ਼ੁਰੂ ਕੀਤਾ ਗਿਆ ਇਹ ਢੰਗ ਸੰਸਾਰ ਭਰ 'ਚ ਸਾਡੇ ਦੇਸ਼ ਦੀ ਛਵੀ ਨੂੰ ਖ਼ਰਾਬ ਕਰਣ ਵਾਲਾ ਹੈ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਜੇਕਰ ਵਪਾਰ ਨੂੰ ਧਰਮ ਨਾਲ ਜੋੜ ਦਿੱਤਾ ਜਾਵੇ ਤਾਂ ਸਮਾਜ ਦਾ ਤਾਣਾ-ਬਾਣਾ ਟੁੱਟ ਜਾਵੇਗਾ, ਕਿਉਂਕਿ ਵਪਾਰ ਨਾਲ ਸਿਰਫ ਪੈਸਾ ਹੀ ਨਹੀਂ ਕਮਾਇਆ ਜਾਂਦਾ ਸਗੋਂ ਪਿਆਰੇ ਸਬੰਧਾਂ 'ਤੇ ਆਧਾਰਿਤ ਸਮਾਜ ਵੀ ਬਣਦਾ ਹੈ ਜਿਸਨੂੰ ਇਹ ਕਟਰਪੰਥੀ ਤੋੜਣਾ ਚਾਹੁੰਦੇ ਹਨ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਇਸ ਗੁੰਡਾਗਰਦੀ ਨੂੰ ਇੱਕ ਜੁੱਟ ਹੋ ਕੇ ਰੋਕਣਾ ਜਰੂਰੀ ਹੈ, ਇਸ ਲਈ ਸਾਰੇ ਧਰਮਾਂ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰ ਨੂੰ ਕਹਿਣ ਕਿ ਮਾਬ ਲਾਚਿੰਗ 'ਤੇ ਸਖ਼ਤ ਕਾਨੂੰਨ ਬਣੇ ਤਾਂਕਿ ਕੋਈ ਵੀ ਸਮੁਦਾਏ ਆਪਣੇ ਰਿਹਾਇਸ਼ੀ ਇਲਾਕੇ 'ਚ ਵਪਾਰ ਕਰਣ ਆਉਣ ਵਾਲੇ ਕਿਸੇ ਗਰੀਬ ਨੂੰ ਉਸਦੇ ਧਰਮ ਦੇ ਆਧਾਰ 'ਤੇ ਮਾਰ ਨਾ ਸਕੇ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਅੱਜ ਦੇਸ਼ 'ਚ ਧਰਮ ਦੇ ਨਾਮ 'ਤੇ ਰਾਜਨੀਤੀ ਤਾਂ ਹੋ ਰਹੀ ਹੈ ਲੇਕਿਨ ਇਸਦੇ ਨਤੀਜੇ ਚੰਗੇ ਨਹੀਂ ਆ ਰਹੇ, ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਰਾਜਨੀਤੀ ਦਾ ਨਾਮ ਲੈ ਕੇ ਬਦਨਾਮ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਦੀ ਭੀੜ ਤੰਤਰ ਸੱਮਝਦਾ ਹੈ ਕਿ ਉਹ ਹੋਰ ਜਾਤੀਆਂ ਨੂੰ ਡਰਾ ਲਵੇਗਾ ਲੇਕਿਨ ਅਜਿਹਾ ਹੋਣ ਵਾਲਾ ਨਹੀਂ ਹੈ ਕਿਉਂਕਿ ਸਾਡੇ ਇਸ ਦੇਸ਼ 'ਚ ਕਿਸੇ ਨੂੰ ਵੀ ਗੁੰਡਾਗਰਦੀ ਕਰਨ ਦੀ ਇਜਾਜਤ ਨਹੀਂ ਹੈ। ਨਾਇਬ ਸ਼ਾਹੀ ਇਮਾਮ ਨੇ ਕਿਹਾ ਦੀ ਸਸਤੀ ਲੋਕਪ੍ਰਿਅਤਾ ਕਦੇ ਕਾਮਯਾਬ ਨਹੀ ਹੁੰਦੀ। ਅਸੀਂ ਸਰਵ ਧਰਮ ਦੇ ਲੋਕ ਸ਼ਰਾਰਤੀ ਅਨਸਰਾਂ ਦਾ ਹਮੇਸ਼ਾ ਮੂੰਹ ਤੋੜ ਜਵਾਬ ਦੇਵਾਂਗੇ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਇੰਦੌਰ ਪੁਲਿਸ ਵੱਲੋਂ ਪਹਿਲਾਂ ਮਾਬ ਲਾਚਿੰਗ ਕਰਣ ਵਾਲੀਆਂ ਦੇ ਖਿਲਾਫ ਕਾਰਵਾਈ ਅਤੇ ਫਿਰ ਪੀੜਤ ਦੇ ਖਿਲਾਫ ਵੀ ਮਾਮਲਾ ਦਰਜ ਕਰਣਾ ਇਸ ਗੱਲ ਦੇ ਸੰਕੇਤ ਹਨ ਕਿ ਸਰਕਾਰ ਅਤੇ ਪੁਲਿਸ ਵੀ ਦੰਗਾ ਕਰਨ ਵਾਲੀਆਂ ਦੀ ਮਦਦ ਕਰ ਰਹੀ ਹੈ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਮਜਲੂਮ ਦੀ ਅਵਾਜ ਅਤੇ ਖ਼ੁਦਾ 'ਚ ਕੋਈ ਪਰਦਾ ਨਹੀਂ ਹੁੰਦਾ।



# ਨਰੇਗਾ ਮਜਦੂਰ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ



**ਮੋਗਾ/ਦਵਿੰਦਰ ਸਿੰਘ ਬਿੱਟੂ**

ਅੱਜ ਨਰੇਗਾ ਮਜਦੂਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਬਲਾਕ ਮੋਗਾ 2 ਦੇ ਨਰੇਗਾ ਮਜਦੂਰ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ ਇਸ ਮੌਕੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੀਨੀਅਰ ਆਗੂ ਕਾਮਰੇਡ ਸ਼ੇਰ ਸਿੰਘ ਦੌਲਤਪੁਰਾ ਨੇ ਕਿਹਾ ਨਰੇਗਾ ਮਜਦੂਰਾਂ ਨਾਲ ਕੀਤੀ ਬੇਰੁਖ਼ੀ ਪੰਜਾਬ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਮਹਿੰਗੀ ਪਵੇਗੀ। ਉਨ੍ਹਾਂ ਅੱਗੇ ਕਿਹਾ ਕਿ ਪਿਛਲੇ ਸਮੇਂ ਤੋਂ ਮਨਰੇਗਾ ਕਰਮਚਾਰੀਆਂ ਦੀ ਹੜਤਾਲ ਕਾਰਨ ਪਿੰਡਾਂ ਵਿੱਚ ਚੱਲ ਰਹੇ ਨਰੇਗਾ ਕੰਮ ਬਿਲਕੁਲ ਠੱਪ ਹਨ, ਇਸ ਲਈ ਸਰਕਾਰ ਨਰੇਗਾ ਕਰਮਚਾਰੀਆਂ ਦਾ ਮਸਲਾ ਹੱਲ ਕਰਕੇ ਤੁਰੰਤ ਮਨਰੇਗਾ ਕੰਮ ਚਲਾਵੇ ਉਨ੍ਹਾਂ ਅੱਗੇ ਕਿਹਾ ਕਿ ਨਰੇਗਾ ਕਰਮਚਾਰੀਆਂ ਨੂੰ ਪੱਕੇ ਕਰਕੇ ਗਰੀਬਾਂ ਨੂੰ ਪੱਕੇ ਪੈਰੀਂ ਕਰਨਾ ਚਾਹੀਦਾ ਹੈ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਬਿਲਕੁਲ ਵੀ ਗੰਭੀਰ ਨਹੀਂ ਹਨ ਜਿਸ ਕਾਰਨ ਮਜ਼ਦੂਰ ਪਿਛਲੇ ਸਮੇਂ ਤੋਂ ਮਾਰੇ ਮਾਰੇ ਫਿਰ ਰਹੇ ਹਨ ਅਤੇ ਉਨ੍ਹਾਂ ਦੀ ਕੋਈ ਬਾਂਹ ਨਹੀਂ ਫੜ ਰਿਹਾ। ਹਰ ਘਰ ਵਿੱਚ ਰੁਜਗਾਰ ਦੇਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਕੈਪਟਨ ਸਰਕਾਰ ਕੰਮ 'ਤੇ ਲੱਗੇ ਲੋਕਾਂ ਨੂੰ ਵੀ ਕੰਮ ਤੋਂ ਬਾਹਰ ਕਰਨ 'ਤੇ ਤੁਲੀ ਹੋਈ ਹੈ। ਦੁਬਾਰਾ ਸੱਤਾ ਵਿੱਚ ਆਉਣ ਦਾ ਸੁਪਨਾ ਵੇਖ ਰਹੀ ਕੈਪਟਨ ਸਰਕਾਰ ਨੂੰ ਜ਼ਮੀਨੀ ਹਕੀਕਤਾਂ ਨੂੰ ਪਛਾਨਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਰੇਗਾ ਕਾਮਿਆਂ ਦੀ ਦਿਹਾੜੀ ਸੱਤ ਸੌ ਰੁਪਏ ਅਤੇ ਸਾਲ ਵਿੱਚ ਦੋ ਸੌ ਦਿਨਾਂ ਦੀ ਕੰਮ ਗਰੰਟੀ ਨੂੰ ਲੈ ਕੇ ਆਉਣ ਵਾਲੇ ਸਮੇਂ ਵਿਚ ਨਰੇਗਾ ਮਜਦੂਰ ਸੰਘਰਸ਼ ਤੇਜ ਕਰਨਗੇ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਸੁਖਜਿੰਦਰ ਮਹੇਸ਼ਰੀ ਨੇ ਨਰੇਗਾ ਕਾਮਿਆਂ ਦੀ ਪੂਰਨ ਹਮਾਇਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹਰ ਕਿਸੇ ਨੂੰ ਰੁਜਗਾਰ ਦੀ ਗਾਰੰਟੀ ਨੂੰ ਲੈ ਕੇ ਚੱਲ ਰਹੀ "ਰੁਜ਼ਗਾਰ ਪ੍ਰਾਪਤੀ ਮੁਹਿੰਮ" ਮਨਰੇਗਾ ਮਜ਼ਦੂਰਾਂ ਦੇ ਸੰਘਰਸ਼ ਦੀ ਪੂਰਨ ਹਮਾਇਤ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹਰ ਕਿਸੇ ਨੂੰ ਯੋਗਤਾ ਮੁਤਾਬਕ ਰੁਜ਼ਗਾਰ ਦੀ ਗਾਰੰਟੀ ਤੱਕ ਸਾਡਾ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਸਰਬਜੀਤ ਕੌਰ ਖੋਸਾ, ਜਬਰਜੰਗ ਸਿੰਘ ਮਹੇਸਰੀ, ਮੰਗਤ ਸਿੰਘ ਬੁਟਰ, ਦਰਸ਼ਨ ਕੌਰ ਦੌਲਤਪੁਰਾ ਨੀਵਾਂ, ਸੁਰਜੀਤ ਕੌਰ, ਨੇਕ ਸਿੰਘ, ਸਬਰਾਜ ਖੋਸਾ, ਸੁਰਜੀਤ ਸਿੰਘ, ਰਾਣੀ ਕੌਰ, ਟੇਕ ਸਿੰਘ, ਮਲਕੀਤ ਕੌਰ ਵੀ ਹਾਜ਼ਰ ਸਨ।



# ਅਰੁਨਾ ਚੋਧਰੀ ਨੇ ਪਿੰਡ ਓਗਰਾ ਨੂੰ ਜਾਂਦੀ ਫਿਰਨੀ ਦਾ ਕੀਤਾ ਉਦਘਾਟਨ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਪਿੰਡ ਓਗਰਾ ਦੇ 700 ਮੀਟਰ ਕੱਚੇ ਰਸਤੇ (ਫਿਰਨੀ) ਨੂੰ ਪੱਕਾ ਕਰਵਾ ਕੇ ਪਿੰਡ ਵਾਸੀਆਂ ਦੀ ਅਹਿਮ ਮੰਗ ਨੂੰ ਪੂਰਾ ਕੀਤਾ ਗਿਆ ਹੈ। ਇਸਦਾ ਰਸਮੀ ਉਦਘਾਟਨ ਕਰਦਿਆਂ ਅੱਜ ਉਨ੍ਹਾਂ ਕਿਹਾ ਕਿ ਇਸ ਰਸਤੇ 'ਤੇ ਕਰੀਬ 8 ਲੱਖ ਰੁਪਏ ਦੀ ਲਾਗਤ ਆਈ ਹੈ ਅਤੇ ਅੱਜ ਇਸਨੂੰ ਮੁਕੰਮਲ ਕਰਵਾ ਕੇ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ ਹੈ। ਉਨ੍ਹਾਂ ਪਿੰਡ 'ਚ ਆਯੋਜਿਤ ਸਮਾਗਮ ਦੌਰਾਨ ਕਿਹਾ ਕਿ ਓਗਰਾ ਪਿੰਡ ਨੂੰ ਉਨ੍ਹਾਂ ਵੱਲੋਂ ਹੁਣ ਤੱਕ ਵੱਖ-ਵੱਖ ਵਿਕਾਸ ਕੰਮਾਂ ਲਈ 17 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ ਹੈ ਅਤੇ ਉਹ ਅਗਾਂਹ ਵੀ ਪਿੰਡ ਦੀ ਤਰੱਕੀ ਲਈ ਬਣਦਾ ਯੋਗਦਾਨ ਦਿੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਪਿੰਡ ਵਿੱਚੋਂ ਹਨੇਰਾ ਦੂਰ ਕਰਨ ਲਈ 8 ਸੋਲਰ ਲਾਈਟਾਂ ਵੱਖਰੇ ਤੌਰ 'ਤੇ ਲੱਗਵਾ ਕੇ ਦਿੱਤੀਆਂ ਗਈਆਂ ਹਨ ਅਤੇ ਸਮੇਂ-ਸਮੇਂ 'ਤੇ ਪੰਚਾਇਤ ਦੀਆਂ ਮੰਗਾਂ ਅਤੇ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਗਿਆ ਹੈ। ਅਰੁਨਾ ਚੌਧਰੀ ਨੇ ਕਿਹਾ ਕਿ ਉਹ ਸ਼ਹਿਰਾਂ ਦੀ ਤਰਜ਼ 'ਤੇ ਪਿੰਡਾਂ ਦਾ ਵਿਕਾਸ ਕਰਨ ਦੀ ਮਨਸ਼ਾ ਰੱਖਦੇ ਹਨ ਅਤੇ ਇਸੇ ਕਰਕੇ ਹਲਕੇ ਦੇ ਤਮਾਮ ਪਿੰਡਾਂ ਨੂੰ ਪਹਿਲੀ ਵਾਰ ਐਨੇ ਵੱਡੇ ਪੱਧਰ 'ਤੇ ਲੱਖਾਂ ਰੁਪਏ ਦੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ, ਤਾਂ ਜੋ ਪਿੰਡਾਂ ਅੰਦਰ ਅਧੂਰੇ ਪਏ ਵਿਕਾਸ ਕੰਮ ਮੁਕੰਮਲ ਹੋ ਸਕਣ। ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਬਣਾਏ ਗਏ ਥਾਪਰ ਮਾਡਲ ਛੱਪੜਾਂ ਨੇ ਗੰਦੇ ਪਾਣੀ ਦੀ ਨਿਕਾਸੀ ਸਬੰਧੀ ਮੁਸ਼ਕਿਲ ਨੂੰ ਦੂਰ ਕੀਤਾ ਹੈ ਅਤੇ ਪਿੰਡਾਂ ਅੰਦਰ ਇਸ ਸਕੀਮ ਦੀ ਖੂਬ ਪ੍ਰਸ਼ੰਸਾ ਵੀ ਹੋ ਰਹੀ ਹੈ। ਇਸ ਦੌਰਾਨ ਜ਼ੋਨ ਇੰਚਾਰਜ ਚੰਦਰਸ਼ੇਖਰ, ਸਰਪੰਚ ਹਰਪਾਲ ਸਿੰਘ ਜੋਗਰ ਅਤੇ ਓਗਰਾ ਦੇ ਸਰਪੰਚ ਮਨੋਹਰ ਲਾਲ ਨੇ ਫਿਰਨੀ ਪੱਕੀ ਕਰਨ ਤੇ ਹੋਰਨਾਂ ਵਿਕਾਸ ਕੰਮਾਂ ਨੂੰ ਕਰਵਾਉਣ ਲਈ ਕੈਬਨਿਟ ਮੰਤਰੀ ਅਰੁਨਾ ਚੌਧਰੀ ਅਤੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਦਾ ਧੰਨਵਾਦ ਕੀਤਾ। ਇਸ ਮੌਕੇ ਬੀਡੀਪੀਓ ਸੁਖਜੀਤ ਸਿੰਘ ਬਾਜਵਾ, ਪੰਚ ਸਾਹਿਬ ਸਿੰਘ, ਪੰਚ ਅਮਰਜੀਤ, ਪੰਚ ਰਮਨ ਕੁਮਾਰ, ਪੰਚ ਮਨਜੀਤ ਕੌਰ ਅਤੇ ਪੰਚ ਕਸ਼ਮੀਰ ਕੌਰ ਹਾਜ਼ਰ ਸਨ।

# ਇੰਜ : ਦਿਲਬਾਗ ਸਿੰਘ ਬੋਪਾਰਾਏ ਵੱਲੋਂ ਤਿੱਬੜ ਵਿਖੇ ਬਤੌਰ ਐਸ.ਡੀ.ਓ ਦਾ ਅਹੁੱਦਾ ਸੰਭਾਲਿਆ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਅੱਜ ਇੰਜੀਨੀਅਰ ਦਿਲਬਾਗ ਸਿੰਘ ਬੋਪਾਰਾਏ ਵੱਲੋਂ ਬਤੌਰ ਪੀ.ਐੱਸ.ਪੀ.ਸੀ.ਐਲ ਦਫਤਰ ਤਿੱਬੜ ਵਿਖੇ ਬਤੌਰ ਐੱਸ. ਡੀ. ਓ ਦਾ ਅਹੁਦਾ ਸੰਭਾਲ ਲਿਆ।

ਇਸ ਮੌਕੇ ਇੰਜਨੀਅਰ ਦਿਲਬਾਗ ਸਿੰਘ ਨੇ ਕਿਹਾ ਕਿ ਉਹ ਆਪਣੀ ਡਿਊਟੀ ਈਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ।ਉਨ੍ਹਾਂ ਕਿਹਾ ਕਿ ਉਹ ਖਪਤਕਾਰਾਂ ਕੋਈ ਵੀ ਕੰਮ ਪੈਂਡਿੰਗ ਨਹੀਂ ਰਹਿਣ ਦਿੱਤਾ ਜਾਵੇਗਾ ਅਤੇ ਖਪਤਕਾਰ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਉਨ੍ਹਾਂ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਿਜਲੀ ਚੋਰੀ ਰੋਕਣ ਵਿੱਚ ਉਨ੍ਹਾਂ ਦਾ ਸਾਥ ਦੇਣ ਅਤੇ ਘਰਾਂ ਵਿੱਚ ਖਪਤਕਾਰਾ ਵੱਲੋਂ ਜੋ ਲੋਡ ਚਲਦਾ ਹੈ ਉਸ ਦੀ ਸਹੀ ਜਾਣਕਾਰੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫਤਰ ਤਿੱਬੜ ਨੂੰ ਦੇਣ ਤਾਂ ਜੋ ਉਨ੍ਹਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਵਿੱਚ ਰਕਾਵਟ ਨਾ ਆ ਸਕੇ ।ਇਸ ਮੌਕੇ ਉਨ੍ਹਾਂ ਨਾਲ ਪਰਮਜੀਤ ਸਿੰਘ ਸਰਪੰਚ ਭੁੰਬਲੀ ,ਪਰਮਜੀਤ ਸਿੰਘ ਸਰਪੰਚ ਮਾਦੇ, ਏ.ਏ.ਈ ਯਸ਼ਪਾਲ ਸਿੰਘ ,ਆਰ .ਏ ਸੁਮਨ ਕੁਮਾਰੀ ,ਪ੍ਰੇਮ ਸਿੰਘ ਸੁਲਤਾਨਪੁਰ ,ਜੈ ਦੀਪ ਸਿੰਘ, ਬਲਜਿੰਦਰ ਸਿੰਘ, ਕੁਲਵੰਤ ਸਿੰਘ ,ਮਨਜੋਤ ਸਿੰਘ ,ਹਰੀ ਰਾਮ ,ਲੂਣਾ ਦੇਵਰਾਜ ,ਓਮ ਨਾਥ ਤੋਂ ਇਲਾਵਾ ਓਮ ਪ੍ਰਕਾਸ਼ ,ਮੁਨੀਸ਼ ਮਹਾਜਨ ਮਨਦੀਪ ਸਿੰਘ, ਗੁਰਮੀਤ ਸਿੰਘ ,ਸਾਰੇ ਜੇ.ਈ ,ਸੁਖਦੇਵ ਸਿੰਘ ,ਮਲਕੀਤ ਸਿੰਘ, ਪ੍ਰਭਜੀਤ ਸਿੰਘ ਢਿੱਲੋਂ ,ਹਰਪਿੰਦਰ ਸਿੰਘ ਔਜਲਾ, ਹਰਪ੍ਰੀਤ ਸਿੰਘ ਆਦਿ ਹਾਜਰ ਸਨ।

# ਐਨ.ਪੀ.ਐਸ ਕਰਮਚਾਰੀਆਂ ਨੇ ਫੂਕੀਆਂ ਪੀ ਐਫ ਆਰ ਡੀ ਏ ਐਕਟ ਦੀਆਂ ਕਾਪੀਆਂ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਅੱਜ ਗੁਰਦਾਸਪੁਰ ਵਿਖੇ ਪੁਰਾਣੀ ਪੈਨਸਨ ਬਹਾਲੀ ਸੰਘਰਸ ਕਮੇਟੀ ਦੇ ਸੱਦੇ ਅਨੁਸਾਰ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਐਕਟ ਦੀਆਂ ਕਾਪੀਆਂ ਸਾੜ ਕੇ ਐਨ ਪੀ ਐਸ ਮੁਲਾਜ਼ਮਾਂ ਨੇ ਰੋਸ਼ ਜਾਹਿਰ ਕੀਤਾ। ਇਸ ਮੌਕੇ ਤੇ ਬੋਲਦਿਆਂ ਜਿਲਾ ਕਨਵੀਨਰ .ਲਵਪ੍ਰੀਤ ਸਿੰਘ ..ਰੋੜਾਂਵਾਲੀ.. ਨੇ ਕਿਹਾ ਕਿ ਸਰਕਾਰ ਹਰ ਪਾਸੇ ਲੋਕ ਵਿਰੋਧੀ ਕਾਲੇ ਕਾਨੂੰਨ ਲੈ ਕੇ ਆ ਰਹੀ ਹੈ ਇੱਕ ਪਾਸੇ ਕਿਸਾਨ ਕਾਲੇ ਕਾਨੂੰਨਾਂ ਖਿਲਾਫ ਦਿੱਲੀ ਇਤਿਹਾਸਕ ਲੜਾਈ ਲੜ ਰਹੇ ਹਨ ਦੂਜੇ ਪਾਸੇ ਐਨ ਪੀ ਐਸ ਮੁਲਾਜਮ ਪੀ ਐਫ ਆਰ ਡੀ ਏ ਐਕਟ ਦੇ ਕਾਲੇ ਕਾਨੂੰਨ ਖਿਲਾਫ ਲਗਾਤਾਰ ਸੰਘਰਸ਼ ਵਿੱਚ ਹਨ। ਸਰਕਾਰ ਤੁਰੰਤ ਐਨ.ਪੀ.ਐਸ ਰੱਦ ਕਰਕੇ ਪੁਰਾਣੀ ਪੈਨਸਨ ਬਹਾਲ ਕਰੇ ਉਹਨਾਂ ਕਿਹਾ ਕਿ ਅੱਜ ਪ੍ਰਦੇਸ ਭਰ ਵਿਚ "ਪੀ.ਐਫ.ਆਰ.ਡੀ.ਏ" ਦੇ 2003 ਦੇ ਨੋਟੀਫਿਕੇਸਨ ਦੀਆਂ ਕਾਪੀਆਂ ਸਾੜ ਕੇ ਐਨ.ਪੀ.ਐਸ ਪੀੜਤ ਕਰਮਚਾਰੀ ਰੋਸ ਦਾ ਪ੍ਰਗਟਾਵਾ ਕਰ ਰਹੇ ਹਨ। ਇਸ ਮੌਕੇ ਬੋਲਦਿਆਂ ਸਟੇਟ ਕਮੇਟੀ ਮੈਂਬਰਲਖਵਿੰਦਰ ਸਿੰਘ...ਭੌਰ ਜਿਲਾ ਕਮੇਟੀ ਮੈਂਬਰ ਜੁਗਲ ਕਿਸ਼ੋਰ ਬੱਲ..ਚੇਤਨ ਮਹਾਜਨ ਨੇ ਕਿਹਾ ਕਿ ਸਰਕਾਰ ਨੇ 2004 ਤੋਂ ਬਾਅਦ ਭਰਤੀ ਮੁਲਾਜਮਾਂ ਤੇ ਪੈਨਸਨ ਸੁਧਾਰ ਦੇ ਨਾਂ ਤੇ ਸਮਾਜਿਕ ਸੁਰੱਖਿਆ ਖੋਹ ਲਈ ਹੈ ਤੇ ਸ਼ੇਅਰ ਬਜਾਰ ਅਧਾਰਿਤ ਪੈਨਸਨ ਦੇ ਭਰੋਸੇ ਛੱਡ ਦਿੱਤਾ ਹੈ ਜਿੱਥੇ ਨਿਗੁਣੀ ਤੇ ਨਾਮਾਤਰ ਪੈਨਸਨ ਕਰਮਚਾਰੀ ਸੇਵਾਮੁਕਤੀ ਤੋਂ ਬਾਅਦ ਪ੍ਰਾਪਤ ਕਰ ਰਹੇ ਹਨ। ਜਿਸ ਕਾਰਣ ਕਰਮਚਾਰੀਆ ਵਿੱਚ ਜਬਰਦਸਤ ਰੋਹ ਪਾਇਆ ਜਾ ਰਿਹਾ ਹੈ ਜੋ ਕਿ 29 ਅਗਸਤ ਨੂੰ ਸੂਬਾ ਪੱਧਰੀ ਲੁਧਿਆਣਾ ਵੰਗਾਰ ਰੈਲੀ ਵਜੋਂ ਜਲੌਅ ਦਾ ਰੂਪ ਧਾਰਨ ਕਰੇਗਾ। ਜੇਕਰ ਸਰਕਾਰ ਨੇ ਤੁਰੰਤ ਪੁਰਾਣੀ ਪੈਨਸਨ ਬਹਾਲ ਨਾ ਕੀਤੀ ਤਾਂ 29 ਅਗਸਤ ਨੂੰ ਲੁਧਿਆਣਾ ਵਿਖੇ ਹੋਣ ਜਾ ਰਹੀ ਵੰਗਾਰ ਰੈਲੀ ਸਰਕਾਰ ਦੀਆਂ ਜੜ੍ਹਾਂ ਹਿਲਾ ਦੇਵੇਗੀ। ਉਹਨਾਂ ਨੇ ਸਮੂਹ ਐਨ.ਪੀ.ਐਸ ਕਰਮਚਾਰੀਆਂ ਨੂੰ 29 ਅਗਸਤ ਨੂੰ ਸਾਥੀਆਂ ਸਮੇਤ ਲੁਧਿਆਣੇ ਵੱਲ ਵਹੀਰਾਂ ਘੱਤਣ ਦੀ ਪੁਰਜੋਰ ਅਪੀਲ ਕੀਤੀ। ਇਸ ਮੌਕੇ ਸੇਵਕ ਸਿੰਘ ਉਮ .ਪ੍ਰਕਾਸ਼ ਮੈਡਮ ਸੀਮਾ ਸੋਬਤੀ ਸੁਮਿਤਾ ਸਰਮਾ ਬਲਜਿੰਦਰ ਕੌਰ ..ਜਸਬੀਰ ਸਿੰਘ .ਦੀਪਕ ਸੌਰਵ ਬਲਵੀਰ ਗੋਰਮਿੰਟ ਟੀਚਰ ਯੂਨੀਅਨ ਆਦਿ ਸਨ।

**29 ਅਗਸਤ ਨੂੰ ਲੁਧਿਆਣੇ ਹੋਵੇਗੀ ਵੰਗਾਰ ਰੈਲੀ**

# ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਕੈਰੀਅਰ ਕਾਊਸਲਿੰਗ ਪ੍ਰੋਗਰਾਮ ਦੀ ਸ਼ੁਰੂਆਤ




**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਪੰਜਾਬ ਸਰਕਾਰ ਵੱਲੋ ਘਰ-ਘਰ ਰੋਜਗਾਰ ਮਿਸ਼ਨ ਤਹਿਤ ਡਿਪਟੀ ਕਮਿਸਨਰ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਦੀ ਅਗਵਾਈ ਹੇਠ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋ ਜਿਲ੍ਹੇ ਦੇ ਸਿੱਖਿਆਰਥੀਆਂ ਲਈ ਇਕ ਕੈਰੀਅਰ ਕਾਊਸਲਿੰਗ ਪ੍ਰੋਗਰਾਮ ਉਲੀਕਿਆ ਗਿਆ। ਜਿਸ ਵਿਚ ਹਰ ਰੋਜ ਵੱਖ ਵੱਖ ਥੀਮਜ ਨੂੰ ਲੈ ਕੇ ਕਿੱਤਾ ਮਾਹਿਰਾ ਨੂੰ ਬੁਲਾ ਕਿ ਪ੍ਰਾਰਥੀਆਂ ਦੀ ਕਾਊਸਲਿੰਗ ਕਰਵਾਈ ਜਾਵੇਗੀ।

ਕੈਰੀਅਰ ਕੌਸਲਿੰਗ ਪ੍ਰੋਗਰਾਮ ਦਾ ਉਦਘਾਟਨ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵੱਲੋ ਕੀਤਾ ਗਿਆ, ਜਿਸ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣਾ ਸਲਾ ਅਤੇ ਫਤਿਹਗੜ੍ਹ ਚੂੜੀਆ ਦੇ ਵਿਦਿਆਰਥੀਆਂ ਅਤੇ ਅਗਾਹ ਵਧੂ ਕਿਸਾਨ ਸ਼ਾਮਿਲ ਹੋਏ। ਕੈਰੀਅਰ ਕਾਂਊਸਲਿੰਗ ਪ੍ਰੋਗਰਾਮ ਵਿਚ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸ਼੍ਰੀ ਸ਼ਾਮ ਸਿੰਘ, ਜੀ.ਐਮ ਵੇਰਕਾ ਮਿਲਕ ਪਲਾਂਟ, ਗੁਰਦਾਸਪੁਰ, ਡਿਪਟੀ ਡਾਇਰੈਕਟਰ ਫਿਸ਼ਰੀ ਨੇ ਹਿੱਸਾ ਲਿਆ ਅਤੇ ਉਹਨਾ ਵੱਲੋ ਆਪਣੇ ਵਿਭਾਗ ਨਾਲ ਸਬੰਧਤ ਪੀ.ਪੀ.ਟੀ ਹਾਜ਼ਰੀਨ ਨੂੰ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਤੇ ਬੱਚਿਆ ਨੂੰ ਸਵੈ-ਰੋਜਗਾਰ ਦੀਆਂ ਸਕੀਮਾਂ ਅਪਨਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਸਮੇ ਪ੍ਰਸ਼ਨਾਤੋਰੀ ਮੁਕਾਬਲਾ ਵੀ ਕਰਵਾਇਆ ਗਿਆ ਅਤੇ ਪਹਿਲੇ ਅਤੇ ਦੂਜੇ ਸਥਾਨ ਤੇ ਰਹਿਣ ਵਾਲੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆ ਅਤੇ ਹਾਜ਼ਿਰ ਬੱਚਿਆ ਨੂੰ ਸਰਟੀਫਿਕੇਟ ਅਤੇ ਕਿੱਟਾ ਵੀ ਵੰਡੀਆਂ ਗਈਆਂ। ਇਸ ਸਮੇ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਰਾਹੁਲ (),ਡਾ .ਤੁਸ਼ਾਰ ਪ੍ਰੀਤ ਸ਼ਰਮਾ ਅਤੇ ਡਾ: ਜੀਵਨ ਜੋਤੀ, ਸਕਿੱਲ ਡਿਵੈਲਪਮੈਂਟ ਤੋ ਸਵਰਾਜ ਸਿੰਘ ਅਤੇ ਮਨਪ੍ਰੀਤ ਸਿੰਘ ਅਤੇ ਡੀ.ਬੀ.ਈ.ਈ ਗੁਰਦਾਸਪੁਰ ਤੋ ਗਗਨਦੀਪ ਸਿੰਘ ਧਾਲੀਵਾਲ ਆਦਿ ਹਾਜ਼ਿਰ ਸਨ ।

ਪ੍ਰਸ਼ੋਤਮ ਸਿੰਘ ਜਿਲ੍ਹਾ ਰੋਜਗਾਰ ਅਫਸਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ 23-8-2021 ਤੋ 28-8-2021 ਬਣਾਏ ਗਏ ਪ੍ਰੋਗਰਾਮ ਵਿਚ 23-8-2021 ਨੂੰ ਪਸ਼ੂ-ਪਾਲਣ, ਮੱਛੀ ਪਾਲਣ ਅਤੇ ਡੇਅਰੀ ਡਿਵੈਲਪਮੈਂਟ ਦੇ ਕਿੱਤਿਆ ਨਾਲ ਸਬੰਧਤ ਕਰਵਾਇਆ ਗਿਆ। ਮਿਤੀ 24-8-2021 ਨੂੰ ਲਾਇਫ ਸਾਇੰਸਜ, ਮਿਤੀ 25-8-2021 ਨੂੰ ਟ੍ਰੇਡ ਐਂਡ ਕਾਮਰਜ ,ਮਿਤੀ 26-8-2021 ਨੂੰ ਉਦਯੋਗਿਕ, ਮਿਤੀ 27-8-2021 ਨੂੰ ਟੈਕਟੇਸ਼ਨ ਅਤੇ ਮਿਤੀ 28-8-2021 ਸਿਵਲ ਸਰਵਿਸ ਸਸਰਕਾਰੀ ਨੌਕਰੀ ਸਬੰਧੀ ਕਰਵਾਏ ਜਾਣਗੇ ਉਹਨਾ ਦੱਸ

**ਵੱਖ-ਵੱਖ ਕਿੱਤਾ ਮਾਹਿਰਾ ਵੱਲੋ ਪ੍ਰਾਰਥੀਆਂ ਨੂੰ ਸਕੀਮਾਂ ਬਾਰੇ ਕੀਤਾ ਜਾਗਰੂਕ**

# ਮੁੱਖ ਮੰਤਰੀ ਵੱਲੋਂ ਗੰਨੇ ਦਾ ਭਾਅ 360 ਰੁਪਏ ਪ੍ਰਤੀ ਕੁਇੰਟਲ ਕਰਨ ਦੇ ਨਾਲ ਹੀ ਪੰਜਾਬ ਗੰਨਾ ਕਿਸਾਨਾਂ ਵੱਲੋਂ ਫੌਰੀ ਸੰਘਰਸ਼ ਖਤਮ ਕਰਨ ਦਾ ਫੈਸਲਾ

## ਸੂਬੇ ਵਿੱਚ ਗੰਨੇ ਦਾ ਭਾਅ ਹੁਣ ਗੁਆਂਢੀ ਸੂਬੇ ਹਰਿਆਣਾ ਨਾਲੋਂ 2 ਰੁਪਏ ਵੱਧ ਹੋਇਆ

**ਚੰਡੀਗੜ੍ਹ/ਸੁਖਚੈਨ ਮਹਿਰਾ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਲ 2021-22 ਲਈ ਗੰਨੇ ਦੇ ਪਿੜਾਈ ਸੀਜ਼ਨ ਲਈ ਸੂਬੇ ਵਿੱਚ ਗੰਨੇ ਦਾ ਭਾਅ 360 ਰੁਪਏ ਪ੍ਰਤੀ ਕੁਇੰਟਲ ਜੋ ਗੁਆਂਢੀ ਸੂਬੇ ਹਰਿਆਣਾ ਨਾਲੋਂ 2 ਰੁਪਏ ਵੱਧ ਹੈ, ਕਰਨ ਦੇ ਐਲਾਨ ਦੇ ਹੁੰਗਾਰੇ ਵਜੋਂ ਪੰਜਾਬ ਦੇ ਗੰਨਾ ਕਿਸਾਨਾਂ ਨੇ ਮੰਗਲਵਾਰ ਨੂੰ ਆਪਣਾ ਸੰਘਰਸ਼ ਖਤਮ ਕਰਨ ਦਾ ਫੈਸਲਾ ਕੀਤਾ।

ਇਹ ਮਾਮਲਾ ਅੱਜ ਬਾਅਦ ਦੁਪਹਿਰ ਮੁੱਖ ਮੰਤਰੀ ਦੀ ਕਿਸਾਨ ਯੂਨੀਅਨ ਆਗੂਆਂ ਨਾਲ ਮੀਟਿੰਗ ਵਿੱਚ ਹੱਲ ਹੋਇਆ ਜਿੱਥੇ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿੱਚ ਐਲਾਨੇ ਜਾਂਦੇ ਗੰਨੇ ਦੇ ਭਾਅ (ਐਸ.ਏ.ਪੀ.) ਵਿੱਚ ਵਾਧੇ ਦੀ ਸਹਿਮਤੀ ਦਿੰਦਿਆਂ ਕਿਹਾ ਕਿ ਪਿਛਲੇ ਤਿੰਨ-ਚਾਰ ਸਾਲਾਂ ਵਿੱਚ ਸੂਬੇ ਦੀ ਵਿੱਤੀ ਸਥਿਤੀ ਕਾਰਨ ਸਰਕਾਰ ਨੂੰ ਗੰਨੇ ਦਾ ਢੁੱਕਵਾਂ ਭਾਅ ਵਧਾਉਣ ਲਈ ਰੋਕੀ ਰੱਖਿਆ। ਕਿਸਾਨ ਯੂਨੀਅਨ ਆਗੂਆਂ ਨੇ ਪਹਿਲਾਂ ਕਿਹਾ ਕਿ ਪੰਜਾਬ ਇਸ ਸਮੇਂ ਦੌਰਾਨ ਹਰਿਆਣਾ ਦੀ ਤਰਜ਼ 'ਤੇ ਗੰਨੇ ਦਾ ਭਾਅ ਵਧਾਉਣ ਵਿੱਚ ਨਾਕਾਮ ਰਿਹਾ ਹੈ ਜਿਸ ਨਾਲ ਕਿਸਾਨਾਂ ਨੂੰ ਵਿੱਤੀ ਨੁਕਸਾਨ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੱਸਿਆ ਲਈ ਕਿਸਾਨਾਂ ਉਤੇ ਦੋਸ਼ ਨਹੀਂ ਦਿੱਤਾ ਜਾ ਸਕਦਾ ਜਿਹੜੀ ਕਿ ਪੰਜਾਬ ਦੇ ਮਾੜੇ ਵਿੱਤੀ ਹਾਲਾਤਾਂ ਕਾਰਨ ਪੈਦਾ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਕਿਸਾਨਾਂ ਨਾਲ ਹਨ ਅਤੇ ਉਨ੍ਹਾਂ ਦੀ ਭਲਾਈ ਲਈ ਹਮੇਸ਼ਾ ਆਪਣਾ ਸਰਵੋਤਮ ਕਰਨਾ ਚਾਹੁੰਦੇ ਹਨ, ਸੂਬੇ ਦੇ ਵਿੱਤੀ ਸੰਕਟ ਕਾਰਨ ਉਹ ਪਹਿਲਾਂ ਗੰਨੇ ਦਾ ਭਾਅ ਵਧਾ ਨਹੀਂ ਸਕੇ। ਉਨ੍ਹਾਂ ਕਿਹਾ ਕਿ ਮੌਜੂਦਾ ਆਰਥਿਕ ਪ੍ਰਸਥਿਤੀਆਂ ਦੇ ਮੱਦੇਨਜ਼ਰ ਸਹਿਕਾਰੀ ਤੇ ਪ੍ਰਾਈਵੇਟ ਖੰਡ ਮਿੱਲਾਂ ਨਾਲ ਜੁੜੇ ਕਿਸਾਨਾਂ ਦੀਆਂ ਲੋੜਾਂ ਦਾ ਸੰਤੁਲਨ ਬਣਾਉਣਾ ਬਹੁਤ ਔਖਾ ਹੈ। ਰਾਣਾ ਗੁਰਜੀਤ ਸਿੰਘ ਜੋ ਕਾਂਗਰਸ ਦੇ ਵਿਧਾਇਕ ਤੋਂ ਇਲਾਵਾ ਖੁਦ ਖੰਡ ਮਿੱਲ ਦੇ ਮਾਲਕ ਵੀ ਹਨ, ਨੇ ਗੰਨੇ ਦਾ ਭਾਅ ਵਧਾਉਣ ਲਈ ਕਿਸਾਨਾਂ ਦੀ ਮੰਗ ਦੀ ਹਮਾਇਤ ਕੀਤੀ।

ਸੰਯੁਕਤ ਕਿਸਾਨ ਮੋਰਚਾ ਜੋ ਬੀਤੇ ਕਈ ਦਿਨਾਂ ਤੋਂ ਗੰਨਾ ਕਿਸਾਨਾਂ ਦਾ ਅੰਦੋਲਨ ਚਲਾ ਰਿਹਾ ਹੈ, ਦੀ ਨੁਮਾਇੰਦਗੀ ਕਰ ਰਹੇ ਕਿਸਾਨ ਯੂਨੀਅਨਾਂ ਦੇ ਨੇਤਾਵਾਂ ਨੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਦੀ ਸਮੱਸਿਆ ਸੁਲਝਾਉਣ ਅਤੇ ਗੰਨੇ ਦੇ ਭਾਅ ਵਿਚ ਵਾਧੇ ਦਾ ਐਲਾਨ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਦਿੱਲੀ ਦੀਆਂ ਸਰਹੱਦਾਂ ਵਿਖੇ ਖੇਤੀ ਕਾਨੂੰਨਾਂ ਦੇ ਵਿਰੁੱਧ ਚੱਲ ਰਹੇ ਸੰਘਰਸ਼ ਵਿਚ ਆਪਣੀਆਂ ਜਾਨਾਂ ਗੁਆਉਣ ਵਾਲੇ ਪੰਜਾਬ ਦੇ ਕਿਸਾਨਾਂ ਦੇ ਇਕ-ਇਕ ਪਰਿਵਾਰਕ ਮੈਂਬਰ ਨੂੰ ਨੌਕਰੀ ਅਤੇ 5 ਲੱਖ ਰੁਪਏ ਦਾ ਮੁਆਵਜ਼ੇ ਦੇਣ ਦੇ ਕਦਮ ਦੀ ਵੀ ਸ਼ਲਾਘਾ ਕੀਤੀ। ਮੁੱਖ ਮੰਤਰੀ ਵੱਲੋਂ ਮੰਗ ਨੂੰ ਪ੍ਰਵਾਨ ਕਰਨ ਤੋਂ ਖੁਸ਼ੀ ਜ਼ਾਹਰ ਕਰਦੇ ਹੋਏ ਬਲਬੀਰ ਸਿੰਘ ਰਾਜੇਵਾਲ ਸਮੇਤ ਸੰਯੁਕਤ ਮੋਰਚੇ ਦੇ ਨੁਮਾਇੰਦਿਆਂ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ।

ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਨੁਮਾਇੰਦਿਆਂ ਵਿੱਚੋਂ ਰਾਜੇਵਾਲ ਤੋਂ ਇਲਾਵਾ ਕੁਲਵੰਤ ਸਿੰਘ ਸੰਧੂ, ਹਰਮੀਤ ਕਾਦੀਆ, ਜੰਗਵੀਰ ਸਿੰਘ ਚੌਹਾਨ, ਹਰਿੰਦਰ ਸਿੰਘ ਲੱਖੋਵਾਲ, ਮੁਕੇਸ਼ ਚੰਦਰ, ਕੁਲਦੀਪ ਸਿੰਘ ਵਜੀਦਪੁਰ, ਬਲਦੇਵ ਸਿੰਘ ਸਿਰਸਾ, ਬਲਦੇਵ ਸਿੰਘ ਦੱਪਰ ਤੇ ਬਲਵਿੰਦਰ ਸਿੰਘ ਔਲਖ ਹਾਜ਼ਰ ਸਨ। ਮੀਟਿੰਗ ਵਿੱਚ ਮੁੱਖ ਮੰਤਰੀ ਦੇ ਨਾਲ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਸੰਸਦ ਮੈਂਬਰ ਪਰਨੀਤ ਕੌਰ ਤੇ ਪ੍ਰਤਾਪ ਸਿੰਘ ਬਾਜਵਾ, ਵਿਧਾਇਕ ਰਾਣਾ ਗੁਰਜੀਤ ਸਿੰਘ, ਡਾ. ਰਾਜ ਕੁਮਾਰ ਵੇਰਕਾ, ਫਤਹਿਜੰਗ ਸਿੰਘ ਬਾਜਵਾ, ਨਵਜੇਤ ਸਿੰਘ ਚੀਮਾ ਤੇ ਸੁਸ਼ੀਲ ਕੁਮਾਰ ਰਿੰਕੂ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ, ਸ਼ੂਗਰਫੈਡ ਦੇ ਚੇਅਰਮੈਨ ਅਮਰੀਕ ਸਿੰਘ ਆਲੀਵਾਲ, ਵਧੀਕ ਮੁੱਖ ਸਕੱਤਰ ਵਿਕਾਸ ਅਨਿਰੁੱਧ ਤਿਵਾੜੀ, ਵਿੱਤ ਕਮਿਸ਼ਨਰ ਸਹਿਕਾਰਤਾ ਕੇ ਸਿਵਾ ਪ੍ਰਸਾਦ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਖੇਤੀਬਾੜੀ ਕਮਿਸ਼ਨਰ ਬਲਵਿੰਦਰ ਸਿੰਘ ਸਿੱਧੂ ਤੇ ਕੇਨ ਕਮਿਸ਼ਨਰ ਗੁਰਵਿੰਦਰ ਸਿੰਘ ਵੀ ਹਾਜ਼ਰ ਸਨ।



# ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਸ਼ਿਵ ਮੰਦਰ ਅਨਾਜ ਮੰਡੀ ਨਾਭਾ ਗੇਟ ਵਿਖੇ ਕੋਵਿਡ ਨੂੰ ਦੂਰ ਕਰਨ ਲਈ ਟੀਕੇ ਲਗਾਏ ਗਏ



**ਪਟਿਆਲਾ/ਜਗਦੀਸ ਰਾਈਕਾ**

ਜਿਸ ਤਰ੍ਹਾਂ ਕਿਸੇ ਸਮੇਂ ਚੇਚਕ ਵਰਗੀ ਬੀਮਾਰੀ ਆਉਣ ਤੇ ਇਸ ਨੂੰ ਦੂਰ ਕਰਨ ਲਈ ਟੀਕਾਕਰਨ ਹੁੰਦਾ ਸੀ ਅਤੇ ਭਾਰਤ ਵਿਚੋਂ ਇਸ ਬੀਮਾਰੀ ਦਾ ਖਾਤਮਾਹੋ ਗਿਆ ਸੀ ਉਸੇ ਪ੍ਰਕਾਰ ਕੋਵਿਡ19 ਦੀ ਬੀਮਾਰੀ ਨੂੰ ਖਤਮ ਕਰਨ ਵਾਸਤੇ ਕੋਵਿਡ ਟੀਕਾਕਰਨ ਵੀ ਜਰੂਰੀ ਹੈ। ਹਰੇਕ ਵਿਅਕਤੀ ਨੂੰ ਕੋਰੋਨਾ ਨੂੰ ਦੂਰ ਕਰਨ ਲਈ ਹਰੇਕ ਨੂੰ ਟੀਕਾ ਜਰੂਰ ਲਗਵਾਉਣਾ ਚਾਹੀਦਾ ਹੈ। ਅੱਜ ਵੀ ਸਿਹਤ ਵਿਭਾਗ ਵੱਲੋਂ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਸ਼ਿਵ ਮੰਦਰ ਅਨਾਜ ਮੰਡੀ ਨਾਭਾ ਗੇਟ ਵਿਖੇ ਕੋਵਿਡ ਨੂੰ ਦੂਰ ਕਰਨ ਲਈ ਟੀਕੇ ਲਗਾਏ ਗਏ ਜੋ ਸ਼ਲਾਘਾਯੋਗ ਕਦਮ ਹੈ। ਹੁਣ ਲੋਕ ਜਾਗਰੂਕ ਵੀ ਹਨ। ਇਸ ਦੇ ਨਾਲ ਨਾਲ ਹਰੇਕ ਵਿਅਕਤੀ ਨੂੰ ਮਾਸਕ ਪਾਉਣਾ ਬਹੁਤ ਜਰੂਰੀ ਹੈ। ਸਾਬਣ ਨਾਲ ਹੱਥ ਸਾਫ ਕਰਨੇ ਚਾਹੀਦੇ ਹਨ। ਸੋਸਾਇਟੀ ਹਮੇਸ਼ਾ ਹੀ ਕੋਰੋਨਾ ਨੂੰ ਦੂਰ ਕਰਨ ਲਈ ਆਪਣਾ ਕੰਮ ਕਰ ਰਹੀ ਹੈ। ਇਹ ਵਿਚਾਰ ਸ੍ਰ. ਮਲਕੀਅਤ ਸਿੰਘ ਸਿੱਧੂ ਵਾਈਸ ਪ੍ਰਧਾਨ ਨੇ ਟੀਕਾਕਰਨ ਦੀ ਸ਼ੁਰੂਆਤ ਕਰਦੇ ਹੋਏ ਕਹੇ।

ਵਿਜੈ ਕੁਮਾਰ ਗੋਇਲ ਪ੍ਰਧਾਨ ਸੋਸਾਇਟੀ ਨੇ ਕਿਹਾ ਕਿ ਇਸ ਬੀਮਾਰੀ ਨੂੰ ਦੂਰ ਕਰਨ ਲਈ ਉਪਰਾਲੇ ਕਰਨਾ ਸਾਡਾ ਫਰਜ ਹੈ। ਸੋਸਾਇਟੀ ਆਪਣੇ ਵੱਲੋਂ ਸੇਵਾ ਦੇ ਕੰਮ ਕਰਦੀ ਰਹੇਗੀ ਡਾ. ਵਿਜੈ ਸਿੰਗਲਾ ਪ੍ਰਧਾਨ ਲਾਇਨਜ ਕਲੱਬ ਪ੍ਰੀਮੀਅਰ, ਅਰਵਿੰਦ ਅਗਰਵਾਲ, ਪਵਨ ਕੁਮਾਰ ਟੋਨੀ, ਪਵਨ ਗਰਗ, ਸੁਖਦੇਵ ਕੋਸ਼ਲ ਆਦਿ ਹਾਜਰ ਸਨ। ਇਸ ਮੋਕੇ 270 ਵਿਅਕੀਤਆਂ ਨੂੰ ਕੋਵਿਡ ਦਾ ਟੀਕਾ ਲਗਾਇਆ ਗਿਆ।

# ਪੰਜਾਬ ਨੈਸਨਲ ਬੈਂਕ ਏਸ.ਸੀ. ਅਤੇ ਐਸ ਕੀ. ਐਂਪਲਾਈਜ ਵੈਲਫੇਅਰ ਐਸੋਸੀਏਸਨ ਜੋਨ ਲੁਧਿਆਣਾ ਦੀ ਮੀਟਿੰਗ



**ਪਟਿਆਲਾ/ਜਗਦੀਸ ਰਾਈਕਾ**

ਪੰਜਾਬ ਨੈਸਨਲ ਬੈਂਕ ਏਸ.ਸੀ. ਅਤੇ ਐਸ ਕੀ. ਐਂਪਲਾਈਜ ਵੈਲਫੇਅਰ ਐਸੋਸੀਏਸਨ ਜੋਨ ਲੁਧਿਆਣਾ ਦੀ ਮੀਟਿੰਗ ਰਾਸਟਰੀ ਅਨੁਸੂਚਿਤ ਜਾਤੀ ਦੇ ਚੇਅਰਮੈਨ ਸ੍ਰੀ ਵਿਜੈ ਸਾਂਪਲਾ ਜੀ ਦੇ ਨਾਲ ਉਹਨਾਂ ਦੇ ਘਰ ਹੁਸਿਆਰਪੁਰ ਵਿਖੇ ਹੋਈ ।ਇਸ ਮੀਟਿੰਗ ਵਿਚ ਜੋਨਲ ਸਕੱਤਰ ਅਤੇ ਡਿਪਟੀ ਜਨਰਲ ਸਕੱਤਰ ਸ੍ਰੀ ਮਹੇਸ ਕੁਮਾਰ ਨੇ ਆਪਣੀ ਟੀਮ ਦੇ ਨਾਲ ਸ੍ਰੀ ਸਾਂਪਲਾ ਜੀ ਨੂੰ ਮੰਗ ਪੱਤਰ ਦਿੱਤਾ ।ਇਸ ਮੌਕੇ ਸ੍ਰੀ ਮਹੇਸ ਕੁਮਾਰ ਨੇ ਕਿਹਾ ਕਿ ਪੰਜਾਬ ਵਿੱਚ ਨੈਗੋਸੀਏਬਲ ਇੰਸਟੂਮੈਂਟ ਐਕਟ 1881 ਅਧੀਨ ਰਾਜ ਵਿੱਚ ਬੈਂਕਾਂ ਦੀਆਂ ਛੁੱਟੀਆਂ ਕਰਨ ਵੇਲੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਬੀ.ਆਰ.ਅੰਬੇਡਕਰ ਜਯੰਤੀ ,ਸ੍ਰੀ ਗੁਰੂ ਰਵਿਦਾਸ ਜਯੰਤੀ ਆਦਿ ਜੋ ਕਿ ਦਲਿਤ ਭਾਈਚਾਰੇ ਦੇ ਮਹੱਤਵਪੂਰਨ ਦਿਨ ਜਾਂ ਤਿਉਹਾਰ ਹਨ ਨੂੰ ਅਣਦੇਖਾ ਕੀਤਾ ਜਾਂਦਾ ਹੈ। ਉਹਨਾਂ ਨੇ ਚੇਅਰਮੈਨ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੇ ਸਾਲ 2022 ਵਿਚ ਅਜਿਹਾ ਨਾ ਹੋਣ ਦੇਣ ।ਅਜਿਹਾ ਹੋਣ ਤੇ ਦਲਿਤ ਭਾਈਚਾਰੇ ਨੂੰ ਅਤੇ ਸਮਾਜ ਨੂੰ ਠੇਸ ਪੁੱਜਦੀ ਹੈ ।ਇਸ ਤੋਂ ਇਲਾਵਾ ਪੰਜਾਬ ਨੈਸਨਲ ਬੈਂਕ ਵਿੱਚ ਐਸ. ਸੀ.ਐਸ.ਟੀ. ਐਂਪਲਾਈਜ ਦੀਆਂ ਸਮੱਸਿਆਵਾਂ ਨੂੰ ਸ੍ਰੀ ਵਿਜੇ ਸਾਂਪਲਾ ਜੀ ਵੱਲੋਂ ਧਿਆਨ ਨਾਲ ਸੁਣਿਆ ਗਿਆ ਅਤੇ ਕਾਰਵਾਈ ਦਾ ਭਰੋਸਾ ਦਿਵਾਇਆ ਗਿਆ ।ਅੰਤ ਵਿੱਚ ਸ੍ਰੀ ਦਿਨੇਸ ਕੁਮਾਰ ਜੋਨਲ ਪ੍ਰੈਜੀਡੈਂਟ ਲੁਧਿਆਣਾ ਜੋਨ ਅਤੇ ਸ੍ਰੀ ਰਾਜਿੰਦਰ ਭਾਟੀਆ ਜੋਨਲ ਪ੍ਰੈਜੀਡੈਂਟ ਅੰਮ੍ਰਿਤਸਰ ਜੋਨ ਨੇ ਸਭ ਦਾ ਧੰਨਵਾਦ ਕੀਤਾ ।ਸ੍ਰੀ ਨਿਰਮਲ ਸਿੰਘ ਜੁਆਇੰਟ ਸਕੱਤਰ ਨੇ ਵੀ ਆਪ ਦੇ ਵਿਚਾਰ ਰੱਖੇ। ਇਸ ਮੌਕੇ ਤੇ ਐਸੋਸੀਏਸਨ ਵੱਲੋਂ ਸ੍ਰੀ ਰਜਿੰਦਰ ਕੁਮਾਰ ,ਸ੍ਰੀ ਹਰਕੋਮਲ ਸਿੰਘ ,ਸ੍ਰੀ ਕੁੰਵਰ ਕੈਗੀਸਿੰਘ ਸ੍ਰੀ ਗੁਰਚਰਨ ਸਿੰਘ ,ਸ੍ਰੀ ਸੇਖਰ ਆਦਿ ਵੀ ਮੌਜੂਦ ਸਨ।

# ਜੋਗਿੰਦਰ ਸਿੰਘ ਪੰਛੀ ਬਣੇ ਐਸ.ਸੀ. ਵਿੰਗ ਪੰਜਾਬ ਦੇ ਸਕੱਤਰ

**ਪਟਿਆਲਾ/ਜਗਦੀਸ ਰਾਈਕਾ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਗੁਲਜਾਰ ਸਿੰਘ ਰਣੀਕੇ ਪ੍ਰਧਾਨ ਐਸ.ਸੀ. ਵਿੰਗ ਸ਼੍ਰੋਮਣੀ ਅਕਾਲੀ ਦਲ ਨੇ ਜੋਗਿੰਦਰ ਸਿੰਘ ਪੰਛੀ ਨੂੰ ਐਸ.ਸੀ. ਵਿੰਗ ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਸਕੱਤਰ ਨਿਯੁਕਤ ਕੀਤਾ ਹੈ। ਜੋਗਿੰਦਰ ਸਿੰਘ ਪੰਛੀ ਨੇ ਲੰਬਾ ਸਮਾ ਦਲਿਤ ਗਰੀਬ ਵਰਗ ਦੇ ਲੋਕਾਂ ਦੀ ਸੇਵਾ ਕੀਤੀ ਹੈ।

ਸ੍ਰੀ ਪੰਛੀ ਨੂੰ ਸਕੱਤਰ ਚੁਣੇ ਜਾਣ ਤੇ ਖੁਸ਼ੀ ਵਿੱਚ ਪਿੰਡ ਬਾਰਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਦੇ ਅਸਥਾਨ ਤੇ ਸਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ।



ਸ੍ਰੀ ਪੰਛੀ ਨੇ ਕਿਹਾ ਕਿ ਦਲਿਤ ਵਰਗ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ ਤੇ ਖੁਸ਼ਹਾਲ ਹੋਵੇਗਾ। ਸਾਰਾ ਪੰਜਾਬ ਕਾਂਗਰਸ ਦੇ ਝੂਠਿਆਂ ਲਾਰਿਆਂ ਤੋਂ ਤੰਗ ਆ ਚੁੱਕਾ ਹੈ। ਗਰੀਬ ਵਰਗ ਦੇ ਲੋਕਾਂ ਦਾ ਸਰਕਾਰ ਨੇ ਕਚੂੱਮਰ ਕੱਢ ਦਿੱਤਾ ਹੈ। ਇਸ ਮੌਕੇ ਸੁਰਜੀਤ ਸਿੰਘ ਪ੍ਰਧਾਨ, ਰੋਸ਼ਨ ਸਿੰਘ ਸੈਕਟਰੀ, ਕਰਮ ਸਿੰਘ ਕੈਸ਼ੀਅਰ, ਹਰਮੇਲ ਸਿੰਘ ਚੇਅਰਮੈਨ, ਗੁਰਮੁੱਖ ਸਿੰਘ, ਅਮਰਜੀਤ ਸਿੰਘ, ਸੁਖਦੇਵ ਸਿੰਘ ਦੇਵ, ਲਖਵੀਰ ਸਿੰਘ ਚੇਅਰਮੈਨ, ਡਾ. ਹਰਮਨਜੀਤ ਸਿੰਘ ਜੋਗੀਪੁਰ, ਜੇ.ਐਸ. ਭਾਟੀਆ ਮੌਕੇ ਤੇ ਮੌਜੂਦ ਸਨ।

# ਭੰਡਾਲ ਬੇਟ ਸਕੂਲ ਵਿੱਚ ਸਪੋਰਟਸ ਕਿੱਟਾਂ ਵੰਡੀਆਂ

**ਕਪੂਰਥਲਾ/ਲੋਕ ਬਾਣੀ**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਡਾਲ ਬੇਟ ਵਿੱਚ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਕਰਨ ਲਈ ਪ੍ਰਵਾਸੀ ਭਾਰਤੀਆਂ ਵੱਲੋਂ ਸਪੋਰਟਸ ਕਿੱਟਾਂ ਵੰਡੀਆਂ। ਇਸ ਮੌਕੇ ਉਹਨਾ ਖਿਡਾਰੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਅੱਗੇ ਤੋਂ ਵੀ ਪ੍ਰਵਾਸੀ ਭਾਰਤੀ ਅਤੇ ਪਿੰਡ ਵਾਸੀਆਂ ਵੱਲੋਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੌਕੇ ਸਕੂਲ ਦੇ ਮੁਖੀ ਅਰੁਨ ਸੰਗਰ ਨੇ ਪਿੰਡ ਵਾਸੀਆਂ ਅਤੇ ਪ੍ਰਵਾਸੀ ਭਾਰਤੀਆਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਮੰਗਲ ਦੀਪ ਸਿੰਘ, ਹਰਪਾਲ ਸਿੰਘ, ਮੰਗਲ ਸਿੰਘ, ਤਲਵਿੰਦਰਜੀਤ ਸਿੰਘ ਸਾਰੇ ਸਪੇਨ, ਸਰਬਨ ਸਿੰਘ ਸਰਪੰਚ, ਅਮਨਦੀਪ ਸਿੰਘ ਪੀ.ਟੀ.ਆਈ., ਮੱਖਣ ਸਿੰਘ, ਗਿਆਨ ਸਿੰਘ, ਸਰਬਜੀਤ ਸਿੰਘ, ਜੋਗਿੰਦਰ ਸਿੰਘ, ਮਨਜੀਤ ਸਿੰਘ, ਨਰਿੰਦਰ ਸਿੰਘ, ਸੁਖਰਾਜ ਸਿੰਘ, ਬਿੰਦਰ ਸਿੰਘ, ਕਮਲਜੀਤ ਕੌਰ, ਰਾਜਵਿੰਦਰ ਕੌਰ ,ਨਿਰਵੈਰ ਸਿੰਘ, ਬਿਕਰਮਜੀਤ ਸਿੰਘ, ਤਲਵਿੰਦਰ ਸਿੰਘ ,ਪਰਮਿੰਦਰ ਸਿੰਘ ਅਤੇ ਪਿੰਡ ਵਾਸੀ ਆਦਿ ਹਾਜਿਰ ਸਨ।



# ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਸਮੂਹਿਕ ਛੁੱਟੀ ਲੈ ਕੇ ਪਟਿਆਲਾ ਵਿਖੇ ਸਿੱਖਿਆ ਮੰਤਰੀ ਦੇ ਘਰ ਵੱਲ ਕਰੇਗੀ ਮਾਰਚ ?



**ਮੋਗਾ, ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਜਾਬ ਦੇ ਵਿੱਤ ਵਿਭਾਗ ਵੱਲੋਂ ਪ੍ਰਵਾਨਗੀ ਮਿਲਣ ਦੇ ਬਾਵਜੂਦ ਏ.ਜੀ ਪੰਜਾਬ ਵੱਲੋਂ ਸਰਵ ਸਿੱਖਿਆ ਅਭਿਆਨ ਅਤੇ ਮਿਡ ਡੇ ਮੀਲ ਦਫਤਰੀ ਕਰਮਚਾਰੀਆ ਨੂੰ ਰੈਗੂਲਰ ਨਾ ਕਰਨ ਤੇ ਸਰਵ (ਸਮੱਗਰਾ) ਸਿੱਖਿਆ ਅਭਿਆਨ ਅਤੇ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ 24 ਅਗਸਤ ਨੂੰ ਸਮੂਹਿਕ ਛੁੱਟੀ ਲੈ ਕੇ ਪਟਿਆਲਾ ਵਿਖੇ ਸਿੱਖਿਆ ਮੰਤਰੀ ਦੇ ਘਰ ਵੱਲ ਮਾਰਚ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵਰਿੰਦਰ ਕੌਰ ਨੂੰ ਸਮੂਹਿਕ ਛੁੱਟੀ ਅਤੇ ਮੰਗ ਪੱਤਰ ਸੌਂਪਦੇ ਹੋਏ ਰਜਿੰਦਰ ਕੌਰ ਸਹਾਇਕ ਬਲਾਕ ਮੈਨੇਜਰ ਮਿਡ ਡੇ ਮੀਲ, ਜੋਤੀ ਐੱਮ ਆਈ ਐੱਸ ਕੋਆਰਡੀਨੇਟਰ, ਸਰਬਜੀਤ ਸਿੰਘ ਡਾਟਾ ਐਂਟਰੀ ਓਪਰੇਟਰ, ਦੀਪਕ ਗਾਬਾ ਡਾਟਾ ਐਂਟਰੀ ਓਪਰੇਟਰ, ਆਨੰਦ ਪ੍ਰਕਾਸ਼ ਅਕਾਊਂਟੈਂਟ, ਗੁਰਤੇਜ ਸਿੰਘ ਅਕਾਂਊਂਟੈਂਟ ਆਦਿ ਕਰਮਚਾਰੀਆਂ ਨੇ ਆਖਿਆ ਕਿ ਸਿੱਖਿਆ ਵਿਭਾਗ ਅਧੀਨ ਸਰਵ ਸਿੱਖਿਆ ਅਭਿਆਨ / ਰਮਸਅ , ਮਿਡ – ਡੇ ਮੀਲ , ਪ੍ਰੋਜੈਕਟਾਂ / ਸੋਸਾਇਟੀਆਂ ਅਧੀਨ ਮੁੱਖ ਦਫਤਰ , ਜਿਲ ਾ ਸਿੱਖਿਆ ਦਫਤਰ ਅਤੇ ਬਲਾਕ ਪੱਧਰ ਤੇ 2004 ਤੋਂ ਵੱਖ – ਵੱਖ ਕੈਟਾਗਰੀਆਂ / ਕਾਡਰਾਂ ਅਧੀਨ ਦਫਤਰਾਂ ਵਿਚ ਕਰਮਚਾਰੀ ਕੰਮ ਕਰ ਰਹੇ ਹਨ ਅਤੇ ਇਹਨਾਂ ਕਰਮਚਾਰੀਆ ਨੂੰ ਸਰਕਾਰ ਵੱਲੋਂ ਸਮੇਂ ਸਮੇਂ ਤੇ ਰੈਗੂਲਰ ਕਰਨ ਦੇ ਭਰੋਸੇ ਦਿੱਤੇ ਗਏ ਪ੍ਰੰਤੂ ਅੱਜ ਤੱਕ ਦਿੱਤੇ ਭਰੋਸਿਆਂ ਨੂੰ ਪੂਰਾ ਨਹੀਂ ਕੀਤਾ ਗਿਆ । ਉਹਨਾਂ ਕਿਹਾ ਕਿ ਦਫਤਰੀ ਕਰਮਚਾਰੀਆਂ ਨਾਲ ਵਿਤਕਰਾ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਸਰਵ ਸਿੱਖਿਆ ਅਭਿਆਨ ਅਤੇ ਰਮਸਾ ਤਹਿਤ ਕੰਮ ਕਰਦੇ 8886 ਅਧਿਆਪਕਾਂ ਨੂੰ 01.04.2018 ਤੋਂ ਸਿੱਖਿਆ ਵਿਭਾਗ ਵਿਚ ਰੈਗੂਲਰ ਕਰ ਦਿੱਤਾ ਗਿਆ ਹੈ ਪਰ ਅਧਿਆਪਕਾਂ ਨੂੰ ਰੈਗੂਲਰ ਕਰਨ ਉਪਰੰਤ ਅਤੇ ਤਿੰਨ ਸਾਲ ਬੀਤਣ ਤੇ ਵੀ ਦਫਤਰੀ ਕਰਮਚਾਰੀਆਂ ਨੂੰ ਰੈਗੂਲਰ ਨਾ ਕਰਨ ਕਰਕੇ ਦਫਤਰੀ ਕਰਮਚਾਰੀਆਂ ਵਿਚ ਰੋਸ ਹੈ। ਇਸੇ ਰੋਸ ਨੂੰ ਜ਼ਾਹਿਰ ਕਰਨ ਲਈ ਸਮੂਹ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ 24 ਅਗਸਤ ਨੂੰ ਸਿੱਖਿਆ ਮੰਤਰੀ ਦੀ ਪਟਿਆਲਾ ਰਿਹਾਇਸ਼ ਵੱਲ ਮਾਰਚ ਕਰਨਗੇ । ਕਰਮਚਾਰੀਆਂ ਦੀ ਭਰਤੀ, ਤਨਖਾਹ ਅਤੇ ਰੈਗੂਲਰ ਦੇ ਪ੍ਰੋਸੈਸ ਦੀ ਸਥਿਤੀ ਸਰਵ ਸਿੱਖਿਆ ਅਭਿਆਨ , ਮਿਡ – ਡੇ ਮੀਲ ਦਫਤਰੀ ਕਰਮਚਾਰੀਆਂ ਦੀ ਭਰਤੀ 2004 ਤੋਂ ਲੈ ਕੇ 2011 ਤੱਕ ਵੱਖ ਵੱਖ ਸਮੇਂ ਪਾਰਦਰਸ਼ੀ ਢੰਗ ਨਾਲ ਟੈਸਟ ਅਤੇ ਇੰਟਰਵਿਊ ਲੈ ਕੇ ਹੋਈ ਹੈ । ਵਿਭਾਗ ਵੱਲੋਂ ਪੰਜਾਬ ਸਰਕਾਰ ਦੀਆ ਮੰਨਜੂਰਸੁਦਾ ਅਸਾਮੀਆਂ ਅਨੁਸਾਰ ਵਿੱਤ ਵਿਭਾਗ ਦੇ ਪੱਤਰ ਨੰਬਰ /5/2014 ਐਫ.ਈ .2 445 ਮਿਤੀ 27/03/2014 ਦੇ ਸਨਮੁੱਖ ਦਿੱਤੀ ਪ੍ਰਵਾਨਗੀ ਤਹਿਤ 1-04-2014 ਤੋਂ ਕਰਮਚਾਰੀਆ ਨੂੰ ਪੇ ਸਕੇਲ ( ਬੇਸਿਕ ਪੇ + ਮੌਜੂਦਾ ਡੀ.ਏ ) ਅਨੁਸਾਰ ਤਨਖਾਹ ਦਿੱਤੀ ਜਾ ਰਹੀ ਹੈ ।ਸਰਵ ਸਿੱਖਿਆ ਅਭਿਆਨ , ਮਿਡ – ਡੇ ਮੀਲ ਦਫਤਰੀ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਦੀਆ ਮੰਨਜੂਰਸੁਦਾ ਅਸਾਮੀਆਂ ਵਿਰੁੱਧ ਸਿੱਖਿਆ ਵਿਭਾਗ ਵਿਚ ਪੱਕਾ ਕਰਨ ਲਈ ਵਿੱਤ ਵਿਭਾਗ ਵੱਲੋਂ 16 ਦਸੰਬਰ 2019 ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਹੁਣ ਮੌਜੂਦਾ ਸਮੇਂ ਕਰਮਚਾਰੀਆਂ ਨੂੰ ਪੱਕਾ ਕਰਨ ਦਾ ਕੇਸ ਏ.ਜੀ ਪੰਜਾਬ ਅਤੇ ਕੈਬਿਨਟ ਦੀ ਮੰਨਜੂਰੀ ਲਈ ਪੈਡਿੰਗ ਹੈ ।

# ਡਿਪਟੀ ਡਾਇਰੈਕਟਰ ਬਾਗਬਾਨੀ ਡਾ: ਜਗਦੇਵ ਸਿੰਘ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਸਨਮਾਨਿਤ



**ਲੁਧਿਆਣਾ/ਕਰਨ ਅਗਰਵਾਲ**

: ਅਜਾਦੀ ਦੇ 75ਵੇ ਵਰ੍ਹੇ ਮੌਕੇ ਪੰਜਾਬ ਸਰਕਾਰ ਵੱਲੋਂ ਡਾ: ਜਗਦੇਵ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਲੁਧਿਆਣਾ ਨੂੰ ਵਿਭਾਗੀ ਉਪਲੱਬਧੀਆਂ ਨੂੰ ਇਮਾਨਦਾਰੀ ਨਾਲ ਪੂਰਾ ਕਰਨ ਅਤੇ ਦਲ੍ਹੇਰੀ ਨਾਲ ਕੀਤੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਉਚੇਚੇ ਤੌਰ ‘ਤੇ ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਡਾ. ਜਗਦੇਵ ਸਿੰਘ ਵੱਲੋਂ ਬਤੌਰ ਡਿਪਟੀ ਡਾਇਰੈਕਟਰ ਬਾਗਬਾਨੀ ਸੰਗਰੂਰ, ਪਟਿਆਲਾ, ਫਰੀਦਕੋਟ ਅਤੇ ਬਰਨਾਲਾ ਵਿਖੇ ਸਚੁੱਜੇ ਢੰਗ ਅਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਦਿੱਤੀਆਂ ਜਾ ਚੁੱਕੀਆਂ ਹਨ। ਅਜੋਕੇ ਸਮੇ ਵਿੱਚ ਵਿਭਾਗ ਵਿੱਚ ਅਜਿਹੇ ਅਧਿਕਾਰੀਆਂ ਦੀ ਬਹੁਤ ਲੋੜ ਹੈ। 15 ਅਗਸਤ ਮੌਕੇ ਰੁਝੇਵੇਂ ਹੋਣ ਕਾਰਨ ਅੱਜ ਮਿਤੀ 24/08/2021 ਨੂੰ ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਡਾ: ਜਗਦੇਵ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਲੁਧਿਆਣਾ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ।

# ਨਾਨੋਵਾਲੀਆ ਵਲੋਂ ਸ਼ਹੀਦ ਕਿਸਾਨਾਂ ਦੀ ਯਾਦ ਨੂੰ ਸਮੱਰਪਿਤ ਪੌਦੇ ਲਗਾਉਂਣ ਲਈ ਕੀਤਾ ਗਿਆ ਆਗਾਜ਼

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਦਿੱਲੀ ਕਿਸਾਨੀਂ ਸੰਘਰਸ਼ ਦੌਰਾਨ ਹੱਕ ਸੱਚ ਦੀ ਪ੍ਰਾਪਤੀ ਲਈ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਨੂੰ ਸਮੱਰਪਿਤ 250 ਪੌਦੇ ਲਗਾਉਂਣ ਦੇ ਮਿਸ਼ਨ ਤਹਿਤ ਅੱਜ ਵਾਤਾਵਰਣ ਪ੍ਰੇਮੀਂ ਇੰਜ਼ੀ:ਜੋਗਿੰਦਰ ਸਿੰਘ ਨਾਨੋਵਾਲੀਆ ਵਲੋਂ ਆਪਣੇਂ ਸਹਿਯੋਗੀਆਂ ਦੇ ਸਹਿਯੋਗ ਨਾਲ ਆਪਣੇਂ ਪਿੰਡ ਨਾਨੋਵਾਲ ਖੁਰਦ ਵਿਖੇ13 ਫ਼ਲਦਾਰ ਪੌਦੇ ਲਗਾ ਕੇ ਬਕਾਇਦਾ ਤੌਰ ‘ਤੇ ਆਗਾਜ਼ ਕੀਤੀ ਗਿਆ।

ਇੰਜ਼ੀ:ਨਾਨੋਵਾਲੀਆ ਨੇ ਦੱਸਿਆ ਕਿ ਉਨ੍ਹਾਂ ਵਲੋਂ ਪੌਦੇ ਲਗਾਉਂਣ ਦਾ ਕੰਮ ਤਾਂ ਅਗਸਤ 2018 ‘ਚ ਅਰੰਭ ਕੀਤਾ ਸੀ। ਉਨ੍ਹਾਂ ਦਾ ਹੁਣ ਇਹ ਮਿਸ਼ਨ ਹੈ ਕਿ ਦੇਸ਼ ਦੇ 138 ਕਰੋੜ ਕਰੀਬ ਲੋਕਾਂ ਦਾ ਢਿੱਡ ਭਰਨ ਵਾਲੇ ਲੋਕਾਂ ਦੇ ਹਿੱਤਾਂ ਦੀ ਖਾਤਿਰ ਦਿੱਲੀ ਕਿਸਾਨੀਂ ਸੰਘਰਸ਼ ਦੌਰਾਨ ਸ਼ਹੀਦੀਆਂ ਪਾਉਂਣ ਵਾਲੇ ਜੁਝਾਰੂ ਕਿਸਾਨਾਂ ਦੀ ਯਾਦ ਨੂੰ ਸਮੱਰਪਿਤ ਵੱਖ ਵੱਖ ਪਿੰਡਾਂ ਅੰਦਰ ਤਰ੍ਹਾਂ ਤਰ੍ਹਾਂ ਦੇ 250 ਪੌਦੇ ਲਗਾਏ ਜਾਣਗੇ। ਇਹ ਕੰਮ ਜੰਗੀ ਪੱਧਰ ਤੇ ਅੱਜ ਬਕਾਇਦਾ ਤੌਰ ਤੇ ਅਰੰਭ ਕਰ ਦਿੱਤਾ ਗਿਆ ਹੈ।

ਇਸ ਸਮੇਂ ਦਿਲਬਾਗ ਸਿੰਘ ਲਾਈਨਮੈਨ,ਮਹਾਂਵੀਰ ਸਿੰਘ ਫੌਜ਼ੀ,ਅਮਨਦੀਪ ਅਮਨ,ਕਰਮਜੀਤ ਕੰਮਾਂ,ਕਮਲਦੀਪ ਕਮਲ,ਮਹਿਤਾਬ ਸਿੰਘ,ਧਰਮਜੀਤ ਸਾਬੀ੍ ਅਤੇ ਪਰਮਜੀਤ ਪੰਮਾਂ ਆਦਿ ਮੌਜੂਦ ਸਨ।

# ਬਘੇਲ ਸਿੰਘ ਬਾਹੀਆ ਨੇ ਗੁਰਦਾਸਪੁਰ ਵਿਚ ਕੀਤਾ ਵਿਸ਼ਾਲ ਰੋਡ ਸ਼ੋਅ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਆਮ ਆਦਮੀ ਪਾਰਟੀ ਦਾ ਝੰਡਾ ਬੁਲੰਦ ਕਰਨ ਲਈ ਵਿਧਾਨ ਸਭਾ ਹਲਕਾ ਗੁਰਦਾਸਪੁਰ ਅੰਦਰ ਪਾਰਟੀ ਦੇ ਨੌਜਵਾਨ ਆਗੂ ਬਘੇਲ ਸਿੰਘ ਬਾਹੀਆਂ ਨੇ ਪ੍ਰਭਾਵਸ਼ਾਲੀ ਰੋਡ ਸ਼ੋਅ ਕੀਤਾ ਜਿਸ ਦੌਰਾਨ ਪਾਰਟੀ ਦੇ ਅਹੁੱਦੇਦਾਰਾਂ ਅਤੇ ਵਲੰਟੀਅਰਾਂ ਨ ਪੂਰੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਇਹ ਰੋਡ ਸ਼ੋਅ ਗੁਰਦਾਸਪੁਰ ਦੀ ਦਾਣਾ ਮੰਡੀ ਤੋਂ ਸ਼ੁਰੂ ਹੋਇਆ ਜਿਸਦੌਰਾਨ ਬਘੇਲ ਸਿੰਘ ਬਾਹੀਆ ਆਪਣੇ ਸਾਥੀਆਂ ਸਮੇਤ ਇੱਕ ਖੁੱਲੀ ਜੀਪ ‘ਤੇ ਸਵਾਰ ਰਹੇ ਜਿਸ ਦੌਰਾਨ ਰਸਤੇ ਵਿਚ ਕਈ ਲੋਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਉਨਾਂ ਦਾ ਸਵਾਗਤ ਕੀਤਾ। ਰੋਡ ਸ਼ੋਅ ਦੌਰਾਨ ਸੈਂਕੜੇ ਨੌਜਵਾਨ ਵੀ ਮੋਟਰਸਾਈਕਲ ਤੇ ਹੋਰ ਵਾਹਨ ਲੈ ਕੇ ਸ਼ਾਮਿਲ ਹੋਏ। ਇਹ ਰੋਡ ਸ਼ੋਅ ਗੁਰਦਾਸਪੁਰ ਪੁਰਾਣੀ ਦਾਣਾ ਮੰਡੀ ਚੌਂਕ, ਜਹਾਜ ਚੌਂਕ, ਡਾਕਖਾਨਾ ਚੌਂਕ, ਮੱਛੀ ਮਾਰਕੀਟ ਚੌਂਕ, ਕਾਹਨੂੰਵਾਨ ਚੌਂਕ ਸਮੇਤ ਹੋਰ ਥਾਵਾਂ ਤੋਂ ਗੁਜਰਿਆ। ਬਘੇਲ ਸਿੰਘ ਬਾਹੀਆ ਨੇ ਕਿਹਾ ਕਿ ਗੁਰਦਾਸਪੁਰ ਸ਼ਹਿਰ ਅੰਦਰ ਰੋਡ ਸ਼ੋਅ ਕਰਨ ਦੇ ਬਾਅਦ ਆਉਣ ਵਾਲੇ ਦਿਨਾਂ ਵਿਚ ਉਹ ਹਲਕੇ ਦੇ ਪਿੰਡਾਂ ਵਿਚ ਵੀ ਰੋਡ ਸ਼ੋਅ ਕਰਨਗੇ। ਉਨਾਂ ਕਿਹਾ ਕਿ ਉਹ ਕੋਈ ਸ਼ਕਤੀ ਪ੍ਰਦਰਸ਼ਨ ਨਹੀਂ ਕਰ ਰਹੇ ਸਗੋਂ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਯਤਨ ਕਰ ਰਹੇ ਹਨ। ਬਾਹੀਆ ਨੇ ਕਿਹਾ ਕਿ ਸਾਰੀ ਪਾਰਟੀ ਇਕਮੁੱਠ ਹੈ ਅਤੇ ਸਾਰੇ ਆਗੂ ਵਲੰਟੀਅਰ ਦੇ ਤੌਰ ‘ਤੇ ਪਾਰਟੀ ਵੱਲੋਂ ਲਗਾਈਆਂ ਡਿਊਟੀਆਂ ਅਨੁਸਾਰ ਵੱਖ ਵੱਖ ਪਿੰਡਾਂ ਦੇ ਜੋਨ ਬਣਾ ਕੇ ਕੰਮ ਰਹੇ ਹਨ। ਕਾਂਗਰਸ ਸਰਕਾਰ ਦੀ ਨਿੰਦਾ ਕਰਦਿਆਂ ਉਨਾਂ ਕਿਹਾ ਕਿ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਨੂੰ ਸਿਰਫ ਆਪਣੀਆਂ ਕੁਰਸੀਆਂ ਦਾ ਫਿਕਰ ਹੈ ਜਦੋਂ ਕਿ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ ਵਿਕਾਸ ਅਤੇ ਦਾਅਵਿਆਂ ਦੇ ਮਾਮਲੇ ਵਿਚ ਦਿੱਲੀ ਅੰਦਰ ਇਤਿਹਾਸ ਸਿਰਜਿਆ ਹੈ।

# 25 ਅਗਸਤ ਤੋਂ ਪੀਸੀਵੀ ਵੈਕਸੀਨੇਸ਼ਨ ਲਗਾਉਂਣਾ ਕੀਤਾ ਜਾਵੇਗਾ ਸ਼ੁਰੂ : ਡਾ ਸ਼ਿਲਪਾ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**



ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਪੰਜਾਬ ਅਤੇ ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਵੱਲੋਂ ਨੰਨ੍ਹੇ ਬੱਚਿਆਂ ਨੂੰ ਨਿਮੋਨੀਆ ਤੋਂ ਬਚਾਉਣ ਲਈ 25 ਅਗਸਤ ਤੋਂ ਪੀਸੀਵੀ ਵੈਕਸੀਨੇਸ਼ਨ ਲਗਾਉਣੀ ਸੁਰੂ ਕੀਤੀ ਜਾ ਰਹੀ ਹੈ ।ਜਿਸ ਸਬੰਧੀ ਜਾਣਕਾਰੀ ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ ਡਾ ਸ਼ਿਲਪਾ ਪੀ ਐੱਚ ਸੀ ਰਣਜੀਤ ਬਾਗ ਵੱਲੋਂ ਟ੍ਰੇਨਿੰਗ ਕੈਂਪ ਲਗਾਅ ਕੇ ਦਿੱਤੀ ਗਈ ।ਇਸ ਮੌਕੇ ਡਾ ਸ਼ਿਲਪਾ ਅਤੇ ਬਲਾਕ ਐਕਸਟੈਂਸ਼ਨ ਐਜੂਕੇਟਰ ਸੰਦੀਪ ਕੌਰ ਨੇ ਦੱਸਿਆ ਕਿ ਨੰਨ੍ਹੇ ਬੱਚਿਆਂ ਦੇ ਜਨਮ ਦੇ 6 ਹਫਤਿਆਂ ਬਾਅਦ ਪੀ ਸੀ ਵੀ ਵੈਕਸੀਨੇਸ਼ਨ ਦੀ ਪਹਿਲੀ ਡੋਜ਼ ਅਤੇ ਦੂਸਰੀ ਡੋਜ਼ 14 ਹਫਤੇ ਬਾਅਦ ਲਗਾਈ ਜਾਵੇਗੀ ,ਜਦ ਕਿ ਤੀਸਰੀ ਬੂਸਟਰ ਡੋਜ਼ 9 ਮਹੀਨੇ ਬਾਅਦ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪੀ ਸੀ ਵੀ ਵੈਕਸੀਨੇਸ਼ਨ ਨਿਮੋਨੀਆ ਦੀ ਰੋਕਥਾਮ ਲਈ ਰਾਮਬਾਣ ਸਾਬਤ ਹੋਵੇਗੀ ਅਤੇ ਇਹ ਟੀਕਾ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਲਗਾਇਆ ਜਾਏਗਾ। ਇਸ ਮੌਕੇ ਡਾ ਨਤਾਸ਼ਾ ਅੱਤਰੀ, ਡਾ ਪੂਜਾ, ਡਾ ਅਮਨ, ਐਲਐਚਵੀ ਹਰਬੰਸ ਕੌਰ, ਐਲਐਚਵੀ ਕੌਸ਼ੱਲਿਆ, ਐਲਐਚਵੀ ਨਮਿੰਦਰ ਕੌਰ, ਐਲਐਚਵੀ ਕੁਲਵੰਤ, ਸਮੂਹ ਏ ਐੱਨ ਐੱਮ ਅਤੇ ਸੀ ਐਚ ਓ ਆਦਿ ਹਾਜਰ ਸਨ ।

# ਹੈਲਪ ਏਜ਼ ਇੰਡੀਆਂ ਵਲੋ ਚਲਾਏ ਜਾ ਰਹੇ ਬ੍ਰਿਧ ਆਸ਼ਰਮ ਵਿਚ ਸੀਨੀਅਰ ਸਿੱਟੀਜ਼ਨ ਡੇ ਮਨਾਇਆ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਗੁਰਦਾਸਪੁਰ ਦੇ ਪਿੰਡ ਜੀਵਨਵਾਲ ਬੱਬਰੀ ਨੇੜੇ ਬਾਈਪਾਸ ਤੇ ਸਥਿਤ ਹੈਲਪ ਏਜ਼ ਇਡੀਆ ਵਲੋ ਚਲਾਏ ਜਾ ਰਹੇ ਬਿਰਧ ਆਸ਼ਰਮ ਵਿਚ ਸੀਨੀਅਰ ਸਿਟੀਜ਼ਨ ਡੇ ਮਨਾਇਆ ਗਿਆ । ਇਸ ਵਿਚ ਐਡਵੋਕਟ ਸ ਪ੍ਰਭਦੀਪ ਸਿੰਘ ਸੰਧੂ ਉਚੇਰੇ ਤੋਰ ਤੇ ਪਹੁੰਚੇ ਅਤੇ ਬ੍ਰਿਧ ਆਸ਼ਰਮ ਵਿਚ ਰਹਿੰਦਿਆ ਬੁਜ਼ਰਗਾਂ ਨੂੰ ਉਹਨਾ ਦੇ ਹੱਕਾਂ ਅਤੇ ਸਰਕਾਰ ਵਲੋ ਬੁਜ਼ਰਗਾਂ ਲਈ ਚਲਾਈਆ ਜਾ ਰਹਾ ਸਕੀਮਾਂ ਬਾਰੇ ਜਾਣੂ ਕਰਵਾਇਆ ।ਇਸ ਮੌਕੇ ਤੇ ਮੈਡਮ ਨਵਦੀਪ ਕੌਰ ਨੇ ਵੀਡੀਓ ਕਾਨਫਰੰਸ ਰਾਹੀਂ ਬੁਜ਼ਰਗਾਂ ਨੂੰ ਉਹਨਾ ਦੇ ਹੱਕਾਂ ਬਾਰੇ ਦੱਸਿਆ ।ਇਸ ਮੌਕੇ ਤੇ ਸੀਨੀਅਰ ਕੇਅਰ ਗਿਵਰ ਸਵਤੰਤਰ ਕੁਮਾਰ ਤੇ ਹੋਰ ਸਟਾਫ ਮੈਬਰ ਹਾਜ਼ਰ ਸਨ ।





# ਪੱਟੀ ਹਲਕਾ ਪੂਰੇ ਪੰਜਾਬ ਵਿੱਚ ਟੋਪ 01 ਲਿਉਣ ਤੇ ਸਾਥੀਆਂ ਦਾ ਧੰਨਵਾਦ : ਭੁੱਲਰ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਮੀਡੀਆ ਨਾਲ ਗੱਲਬਾਤ ਕਰਦੇ ਹੋਏ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੈਂ ਧੰਨਵਾਦੀ ਹਾਂ ਆਪਣੀ ਸਮੁੱਚੀ ਪੱਟੀ ਹਲਕੇ ਦੀ ਟੀਮ ਦਾ ਜਿਨ੍ਹਾਂ ਨੇ ਅਣਥੱਕ ਮਿਹਨਤ ਕਰਕੇ ਮੈਨੂੰ ਬਿਜਲੀ ਗਰੰਟੀ ਯੋਜਨਾ ਦੀ ਰਜਿਸਟਰੇਸ਼ਨ ਕਰਵਾਉਣ ਵਿਚ 6 ਵਾਰ ਟਾਪ 10 ਵਿਚ ਲਿਆਂਦਾ ਅਤੇ ਅੱਜ ਬਿਜਲੀ ਗਰੰਟੀ ਯੋਜਨਾ ਦੀ ਰਜਿਸਟਰੇਸ਼ਨ ਕਰਵਾਉਣ ਵਿਚ ਮੈਨੂੰ ਪੂਰੇ ਪੰਜਾਬ ਵਿਚ ਪਹਿਲਾ ਸਥਾਨ ਹਾਸਲ ਕਰਵਾਇਆ। ਅੱਜ ਮੈਂ ਇਸ ਖੁਸੀ ਵਿੱਚ ਆਪਣੇ ਵਲੰਟੀਅਰ ਸਾਥੀਆਂ ਨੂੰ ਬੁਲਾ ਕੇ ਸਨਮਾਨਿਤ ਕੀਤਾ ਇਸੇ ਤਰ੍ਹਾਂ ਅੱਗੇ ਵੀ ਮਿਹਨਤ ਜਾਰੀ ਰੱਖਣ ਬਾਰੇ ਵਿਚਾਰਾਂ ਕੀਤੀਆਂ। ਮੈਂ ਸਦਾ ਆਪਣੀ ਟੀਮ ਦਾ ਕਰਜ਼ਦਾਰ ਰਹਾਂਗਾ। ਮੈਂ ਭਰੋਸਾ ਦਿਵਾਉਂਦਾ ਹਾਂ ਕਿ 2022 ਵਿਚ ਦਿੱਲੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਮੈਂ ਤੁਹਾਡੀ ਅਣਥੱਕ ਮਿਹਨਤ ਦਾ ਕਰਜ ਸਦਾ ਲੋਕਾਂ ਦੀ ਸੇਵਾ ਕਰਕੇ ਉਤਾਰਦਾ ਰਹਾਂਗਾ ਅਤੇ ਲੋਕਾਂ ਦੇ ਮੁੱਦੇ ਚੁੱਕਦਾ ਰਹਾਂਗਾ। ਮੈਂ ਅੱਜ ਜਿਸ ਵੀ ਮੁਕਾਮ ਤੇ ਪਹੁੰਚਿਆ ਹਾਂ ਆਪਣੀ ਟੀਮ ਦੀ ਮਿਹਨਤ ਸਦਕਾ ਅਤੇ ਆਪਣੇ ਲੋਕਾਂ ਦੇ ਅਸੀਰਵਾਦ ਸਦਕਾ ਹੀ ਹਾਂ ਪੱਟੀ ਹਲਕੇ ਵਿਚ ਸਾਰੇ ਵਲੰਟੀਅਰ ਸਾਥੀਆਂ ਦਾ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਸਤਿਕਾਰ ਕਰਦਾ ਰਹਾਂਗਾ ਆਉਣ ਵਾਲੇ ਸਮੇਂ ਵਿੱਚ ਸਰਕਾਰ ਆਉਣ ਤੇ ਪਹਿਲ ਦੇ ਆਧਾਰ ਤੇ ਕੰਮ ਕਰਾਂਗਾ ਮੌਕੇ ਤੇ ਹਾਜਰ ਕੌਂਸਲਰ ਕੁਲਵੰਤ ਸਿੰਘ ਕਲਸੀ ਪੱਟੀ ਕੌਂਸਲਰ ਹੀਰਾ ਸਿੰਘ ਭੁੱਲਰ ਕਿਸਾਨ ਵਿੰਗ ਜਿਲਾ ਸੈਕਟਰੀ ਸਾਬ ਸਿੰਘ ਸਭਰਾ ਗੁਰਪ੍ਰਿੰਦਰ ਉੱਪਲ ਗੁਰਪ੍ਰੀਤ ਭੁੱਲਰ ਭੋਲਾ ਜੋਤੀ ਸਾਹ ਗੋਰਾ ਸਿੰਘ ਮਨਜਿੰਦਰ ਸਿੰਘ ਸਭਰਾ ਰਾਣਾ ਸਾਹ ਜਸਵੰਤ ਸਿੰਘ ਫੌਜੀ ਸੰਦੀਪ ਸੇਰੋਂ ਹਰਪ੍ਰੀਤ ਸਿੰਘ ਫੌਜੀ ਅਵਤਾਰ ਸਿੰਘ ਸਭਰਾ ਕਰਮਜੀਤ ਸਿੰਘ ਪਰਗਟ ਸਿੰਘ ਪੰਨੂੰ ਪੰਮਾ ਚੰਬਲ ਹਰਪ੍ਰੀਤ ਸਿੰਘ ਗੁਰਦੇਵ ਜਵੰਦਾ ਜਗਤਾਰ ਸਿੰਘ ਢੋਟੀਆਂ ਸੁਖ ਮਨਜਿੰਦਰ ਸਿੰਘ ਜਸਬੀਰ ਸਿੰਘ ਕੁਲਦੀਪ ਸਿੰਘ ਕੈਰੋਂ ਡਾਕਟਰ ਜੀਵਨ ਲਖਵਿੰਦਰ ਸਿੰਘ ਜੁਗਰਾਜ ਸਿੰਘ ਰਣਬੀਰ ਸਿੰਘ ਧਗਾਣਾ ਪ੍ਰਤਾਪ ਸਿੰਘ ਫੌਜੀ ਗੁਰਮੇਲ ਸਿੰਘ ਨੱਥੂਪੁਰ, ਹੈਪੀ , ਸੋਹਣ ਸਿੰਘ ਜੌੜ ਸਿੰਘ ਵਾਲਾ ਨਿਸਾਨ ਸਿੰਘ ਬਲਵਿੰਦਰ ਸਿੰਘ ਗੁਲਪੁਰ ਰਣਜੀਤ ਸਿੰਘ ਫੌਜੀ ਨਿਸਾਨ ਸਿੰਘ ਹਰੀਕੇ ਗੁਰਭੇਜ ਸਿੰਘ ਅਨਿਲ ਕੁਮਾਰ ਗੁਰਦੇਵ ਸਿੰਘ ਨਿੰਦਰ ਸਿੰਘ ਠੱਟਾ ਚਾਨਣ ਸਿੰਘ ਜਰਮਨ ਸਿੰਘ ਗੁਰਮੇਲ ਸਿੰਘ ਗੁਰਚੰਦ ਸਿੰਘ ਆੜਤੀ ਗੁਰਮੀਤ ਸਿੰਘ ਫੌਜੀ ਸੀਂਦਾ ਸਿੰਘ ਦਦੇਹਰ ਧਰਮਿੰਦਰ ਸਿੰਘ ਸੋਸਲ ਮੀਡੀਆ ਜਿਲ੍ਹਾ ਕੋਡੀਨੇਟਰ ਜਗਜੀਤ ਸਿੰਘ ਸੁਹਾਵਾ ਐਕਸ ਵਿੰਗ ਜਿਲ੍ਹਾ ਵਾਈਸ ਪ੍ਰਧਾਨ ਦਿਲਬਾਗ ਸਿੰਘ ਰੱਤਾ ਗੁੱਦਾ ਆਦਿ ਸਨ।

# ਪਿੰਡ ਹਸਨਪੁਰ ਵਿਖੇ 100 ਪੌਦੇ ਲਗਾਏ



**ਪਟਿਆਲਾ/ ਜਗਦੀਸ ਰਾਈਕਾ**

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਨਹਿਰੂ ਯੂਵਾ ਕੇਂਦਰ ਪਟਿਆਲਾ ਅਤੇ ਕੁਤਬਨਪੁਰ ਨਰਸਰੀ ਪਟਿਆਲਾ ਦੇ ਸਹਿਯੋਗ ਨਾਲ ਪਿੰਡ ਹਸਨਪੁਰ ਵਿਖੇ ਵਣ ਮਹਾ ਉਤਸਵ ਪ੍ਰੋਗਰਾਮ ਭਗਤ ਰਵੀਦਾਜ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ੍ਰ. ਸੁਰਿੰਦਰ ਸਿੰਘ ਹਸਨਪੁਰ ਵੱਲੋਂ ਪੌਦਾ ਲਗਾ ਕੇ ਵਣ ਮਹਾ ਉਤਸਵ ਦਾ ਉਦਘਾਟਨ ਕੀਤਾ ਅਤੇ ਕਲੱਬ ਵੱਲੋਂ 100 ਫੱਲਦਾਰ ਪੌਦੇ ਲਗਾਏ ਗਏ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ, ਚੇਅਰਮੈਨ ਰਾਮਜੀ ਦਾਸ ਨੇ ਦੱਸਿਆ ਕਿ ਕਲੱਬ ਵੱਲੋਂ ਕਿਸਾਨਾਂ ਦੀਆਂ ਮੋਟਰਾਂ ਅਤੇ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਛਾਂਦਾਰ ਅਤੇ ਫੱਲਦਾਰ ਪੌਦੇ ਲਗਾਏ ਜਾਂਦੇ ਹਨ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਬੋਲਦਿਆਂ ਆਖਿਆ ਕਿ ਵਿਗੜਦੇ ਹੋਏ ਵਾਤਾਵਰਨ ਨੂੰ ਵੇਖਦੇ ਹੋਏ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਵਧੇਰੇ ਪੌਦੇ ਲਗਾ ਕੇ ਦੁਨੀਆਂ ਨੂੰ ਗਲੋਬਰ ਵਾਰਮਿੰਗ ਦੇ ਖਤਰਿਆਂ ਤੋਂ ਬਚਾਇਆ ਜਾ ਸਕਦਾ ਹੈ ਅਤੇ ਕਲੱਬ ਪਿਛਲੇ 21 ਸਾਲਾਂ ਤੋਂ ਪਿੰਡ ਪਿੰਡ ਜਾ ਕੇ ਯੂਥ ਕਲੱਬਾਂ ਅਤੇ ਪੰਚਾਇਤਾਂ ਨਾਲ ਮਿਲ ਕੇ ਸਾਂਝੀਆਂ ਥਾਵਾਂ ਤੇ ਫੱਲਦਾਰ ਅਤੇ ਛਾਂਦਾਰ ਪੌਦੇ ਲਗਾ ਰਿਹਾ ਹੈ। ਅੱਜ ਦੇ ਪ੍ਰੋਗਰਾਮ ਵਿੱਚ ਕਲੱਬ ਵੱਲੋਂ ਪਿੰਡ ਹਸਨਪੁਰ ਵਿਖੇ ਸਾਂਝੀਆਂ ਥਾਵਾਂ ਤੇ 100 ਪੌਦੇ ਲਗਾਏ ਗਏ। ਇਸ ਪ੍ਰੋਗਰਾਮ ਵਿੱਚ ਸੁਰਿੰਦਰ ਮੋਹਨ ਸਿੰਘ, ਸਤਨਾਮ ਸਿੰਘ, ਦਰਬਾਰਾ ਸਿੰਘ, ਹਰਜੀਤ ਸਿੰਘ, ਅਮਰੀਸ਼ ਕੁਮਾਰ, ਧਰਮਿੰਦਰ ਕੁਮਾਰ, ਮੁਕੇਸ਼ ਕੁਮਾਰ, ਇੰਜੀ: ਰੋਬਿੰਨ ਸਿੰਘ ਆਦਿ ਹਾਜਰ ਸਨ।

# ਗੋਲਡਨ ਐਜੂਕੇਸ਼ਨ ਧਰਮਕੋਟ ਨੇ ਲਗਵਾਇਆ ਸੁਰਲੀਨ ਕੌਰ ਦਾ ਕੈਨੇਡਾ ਸਟੱਡੀ ਵੀਜ਼ਾ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਗੋਲਡਨ ਐਜੂਕੇਸਨ ਸੰਸਥਾ ਵੱਖ ਵੱਖ ਦੇਸਾਂ ਦੇ ਵੀਜ਼ੇ ਲਗਵਾ ਕੇ ਲੋਕਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੀ ਹੈ . ਇਸੇ ਤਹਿਤ ਹੀ ਸੰਸਥਾ ਵੱਲੋਂ ਸੁਰਲੀਨ ਕੌਰ ਪੁੱਤਰੀ ਭੁਪਿੰਦਰ ਸਿੰਘ ਵਾਸੀ ਲੁਧਿਆਣਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ ਹੈ। ਸੰਸਥਾ ਦੀ ਡਾਇਰੈਕਟਰ ਹਰਪ੍ਰੀਤ ਕੌਰ ਅਰੋੜਾ ਅਤੇ ਸੁਭਾਸ ਪਲਤਾ ਨੇ ਕਿਹਾ ਕਿ ਵਿਦੇਸ ਵਿੱਚ ਪੜ੍ਹਾਈ ਕਰਨ ਦੇ ਚਾਹਵਾਨ ਕਿਸੇ ਵੀ ਵਿਦਿਆਰਥੀ ਨੂੰ ਨਿਰਾਸ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਸੰਸਥਾ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਫਾਇਲ ਤਿਆਰ ਕੀਤੀ ਜਾਂਦੀ ਹੈ ਤੇ ਵਧੀਆ ਤਰੀਕੇ ਨਾਲ ਤਿਆਰ ਕੀਤੇ ਕੇਸ ਨਾਲ ਕਿਸੇ ਨੂੰ ਵੀਜਾ ਲਗਵਾਉਣ ਵਿਚ ਮੁਸਕਲ ਨਹੀਂ ਆਉਂਦੀ .ਉਹਨਾ ਵਿਦਿਆਰਥੀ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਤੇ ਉਨ੍ਹਾਂ ਦੱਸਿਆ ਕਿ ਕੈਨੇਡਾ ਕਾਲਜ ਮੌਨਟ੍ਰਿਆਲ ਦੇ ਵੀਜ਼ੇ ਵੀ ਆਉਣੇ ਸ਼ੁਰੂ ਹੋ ਗਏ ਹਨ .ਉਹਨਾ ਦੱਸਿਆ ਕਿ ਸੰਸਥਾ ਦੀ ਇਕੋ ਛੱਤ ਹੇਠ ਹਵਾਈ ਟਿਕਟਾਂ, ਵੈਸਟਰਨ ਯੂਨੀਅਨ, ਆਈਲਸ, ਇੰਮੀਗ੍ਰੇਸਨ, ਪੀ.ਟੀ.ਈ, ਇੰਡੋ-ਕਨੇਡੀਅਨ ਬੱਸ ਬੁਕਿੰਗ ਅਤੇ ਪਾਸਪੋਰਟ ਅਪਲਾਈ ਦੀ ਸੁਵਿਧਾ ਵੀ ਦਿੱਤੀ ਜਾ ਰਹੀ ਹੈ .ਇਸ ਮੌਕੇ ਉਨ੍ਹਾਂ ਨਾਲ ਅਮਰਿੰਦਰ ਸਿੰਘ ਸੈਂਡੀ, ਅਮਨਪ੍ਰੀਤ ਕੌਰ ਕੁਆਰਡੀਨੇਟਰ, ਕੁਲਬੀਰ ਕੌਰ, ਮਹਿਕਪਰੀਤ ਕੌਰ, ਮਨਪ੍ਰੀਤ ਕੌਰ, ਮਨਵੀਰ ਕੌਰ, ਲਵਲੀਨ ਕੌਰ, ਸੁਖਦੀਪ ਕੌਰ, ਪ੍ਰਦੀਪ ਸਿੰਘ, ਗੁਰਪ੍ਰੀਤ ਸਿੰਘ ਮਨੀ ਤੋਂ ਇਲਾਵਾ ਸੰਸਥਾ ਦਾ ਸਮੁੱਚਾ ਸਟਾਫ ਹਾਜਰ ਸੀ।

**ਕੈਨੇਡਾ ਕਾਲਜ ਮੌਨਟ੍ਰਿਆਲ ਦੇ ਆਏ ਵੀਜ਼ੇ : ਡਾਇਰੈਕਟਰ ਅਰੋੜਾ, ਪਲਤਾ**



# ਕੈਮੋਫਲਾਜ ਵਿਦ ਸਕੋਡਾ ਦੇ ਸ਼ਾਰਟਲਿਸਟ ਡਿਜਾਇਨ ਘੌਸ਼ਤ

**ਚੰਡੀਗੜ੍ਹ/ਲੋਕ ਬਾਣੀ**

ਸਕੋਡਾ ਦੀ ਆਉਣ ਵਾਲੀ ਮਿਡ ਸਾਇਜ ਪ੍ਰੀਮਿਅਮ ਸੇਡਾਨ ਦੇ ਕੈਮੋਫਲਾਜ ਦੇ ਲਈ ਦੇਸ਼ਭਰ ਤੋਂ ਡਿਜਾਇਨਰਾਂ ਤੋਂ ਸੱਦੇ ਗਏ ਡਿਜਾਇਨਾਂ ਦੇ ਲਈ ਸਕੋਡਾ ਦੁਆਰਾ ਆਯੋਜਤ ਕੀਤੇ ਗਏ 'ਕੈਮੋਫਲਾਜ ਵਿਦ ਸਕੋਡਾ' ਪ੍ਰਤੀਯੋਗਿਤਾ ਤੋਂ ਕਾਫੀ ਰਿਸਪਾਂਸ ਪ੍ਰਾਪਤ ਹੋਇਆ। 18 ਅਗਸਤ ਨੂੰ ਖਤਮ ਹੋਈ ਇਸ ਪ੍ਰਤੀਯੋਗਿਤਾ ਦੇ ਲਈ ਪੰਜ ਏਂਟਰਿਆਂ ਸ਼ਾਰਟਲਿਸਟ ਕਰ ਲਈ ਗਈ ਜਦਕਿ ਜਿਯੂਰੀ ਵਲੋਂ ਅਕਤੂਬਰ ਮਹੀਨੇ ਵਿਚ ਇਕ ਫਾਇਨਲ ਜੈਤੂ ਦਾ ਨਾਂਅ ਘੌਸ਼ਤ ਕਰ ਦਿਤਾ ਜਾਵੇਗਾ ।ਸ਼ਾਰਟਲਿਸਟ ਵਿਚ ਪੂਣੇ ਦੇ ਪ੍ਰਤੀਕ ਸੇਠੀ ਅਤੇ ਰੋਹਿਤ ਭੰਡਵਾਲਕਰ, ਬੈਂਗਲੂਰ ਤੋਂ ਰਿਜੂ ਕਰੂਣਾਕਰਨ, ਬਦਲਾਪੁਰ (ਮਹਾਰਾਸ਼ਟ੍ਰਾ) ਤੋਂ ਸ਼੍ਰਿਆਸ ਕਰਮਬੇਲਕਰ ਅਤੇ ਤਿਰੂਨਲਵੈਲੀ (ਤਮਿਲ ਨਾਡੂ) ਤੋਂ ਬੈਨ ਸਟੀਵਰਟ ਸ਼ਾਮਲ ਹਨ। ਸ਼ਾਰਟਲਿਸਟ ਕੀਤੇ ਗਏ ਇਕ ਜੈਤੂ ਨੂੰ ਸਕੋਡਾ ਦੇ ਹੈਡਕੁਵਾਟਰ ਪ੍ਰਾਗ ਵਿਚ ਕੰਪਨੀ ਦੇ ਹੈਡ ਆਫ ਡਿਜਾਇਨ ਔਲਿਵਰ ਸਟੇਫਿਨੀ ਤੋਂ ਮੁਲਾਕਾਤ ਕਰਣ ਦਾ ਮੌਕਾ ਮਿਲੇਗਾ। ਇਸ ਪ੍ਰਤੀਯੋਗਿਤਾ ਦੀ ਜਿਯੂਰੀ ਵਿਚ ਕੰਪਨੀ ਦੇ ਪ੍ਰਬੰਧ ਨਿਦੇਸ਼ਕ ਗੁਰਪ੍ਰਤਾਪ ਬੋਪਾਰਾਏ, ਬ੍ਰਾਂਡ ਨਿਦੇਸ਼ਕ ਜੈਕ ਹੋਲਿਸ ਅਤੇ ਹੈਡ ਆਫ ਡਿਜਾਇਨ ਉਲਿਵਰ ਸਟੀਫਿਨੀ ਸ਼ਾਮਲ ਸਨ। ਸ਼ਾਰਟਲਿਸਟ ਕੀਤੇ ਹੋਏ ਡਿਜਾਇਨਰਾਂ ਨੂੰ ਵਧਾਇਆਂ ਦਿੰਦੇ ਹੋਏ ਜੈਕ ਹੋਲਿਸ ਨੇ ਕਿਹਾ ਕਿ ਇਸ ਪ੍ਰਤੀਯੋਗਿਤਾ ਨੂੰ ਮਿਲੇ ਰਿਸਪਾਂਸ ਦੇਸ਼ ਵਿਚ ਡਿਜਾਇਨ ਪ੍ਰਤਿਭਾ ਅਤੇ ਸਕੋਡਾ ਬ੍ਰਾਂਡ ਦੇ ਪ੍ਰਤੀ ਲਗਾਵ ਨੂੰ ਦਰਸ਼ਾਉਂਦਾ ਹੈ।




# ਐਨ.ਕੇ.ਸ਼ਰਮਾ ਨੇ ਬਸਪਾ ਦੀ ਫਗਵਾੜਾ ਰੈਲੀ ਸਬੰਧੀ ਕੀਤੀ ਮੀਟਿੰਗ

**ਜੀਰਕਪੁਰ/ਰਵੀ ਜੀਰਕਪੁਰ**

ਹਲਕਾ ਵਿਧਾਇਕ ਐਨ.ਕੇ.ਸ਼ਰਮਾ ਨੇ 29 ਅਗਸਤ ਨੂੰ ਬਸਪਾ ਦੀ ਫਗਵਾੜਾ ਵਿਖੇ ਹੋਣ ਵਾਲੀ ਰੈਲੀ ਸਬੰਧੀ ਮੀਟਿੰਗ ਕੀਤੀ ਜਿਸ ਵਿਚ ਹਲਕੇ ਸਮੂਹ ਬਸਪਾ ਵਰਕਰਾਂ ਨੇ ਹਿੱਸਾ ਲਿਆ ।ਮੀਟਿੰਗ ਨੂੰ ਸੰਬੋਧਨ ਕਰਦਿਆ ਐਨ.ਕੇ.ਸ਼ਰਮਾ ਨੇ ਕਿਹਾ ਕਿ ਫਗਵਾੜਾ ਰੈਲੀ ਦਾ ਮੁੱਖ ਮਕਸਦ ਅਕਾਲੀ ਬਸਪਾ ਗਠਜੋੜ ਨੂੰ ਮਜ਼ਬੂਤ ਬਣਾਉਣਾ ਅਤੇ ਕਾਂਗਰਸ ਸਰਕਾਰ ਨੂੰ ਖੇਤਰ ਵਿਚ ਠੋਕਵਾਂ ਜਵਾਬ ਦੇਣਾ ਹੈ। ਉਨ ਾਂ ਕਿਹਾ ਹਲਕੇ ਵਿਚੋਂ ਭਾਰੀ ਗਿਣਤੀ ਵਿਚ ਲੋਕ ਰੈਲੀ 'ਚ ਸ਼ਾਮਲ ਹੋਣਗੇ। ਉਨ ਾਂ ਵੱਲੋਂ ਪਿੰਡ ਪਿੰਡ ਮੀਟਿੰਗਾਂ ਦਾ ਦੌਰ ਜਾਰੀ ਹੈ ਤਾਂ ਲੋਕਾਂ ਨੂੰ ਅਕਾਲੀ ਬਸਪਾ ਗਠਜੋੜ ਦੀ ਲੋਕ ਭਲਾਈ ਨੀਤੀਆਂ ਤੋਂ ਜਾਣੂ ਕਰਵਾਇਆ ਜਾ ਸਕੇ ।ਇਸ ਮੌਕੇ ਰੈਲੀ ਨੂੰ ਸਫਲ ਬਣਾਉਣ ਲਈ ਉਨ ਾਂ ਵੱਲੋਂ ਵਰਕਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ।ਇਸ ਮੌਕੇ ਜਗਜੀਤ ਸਿੰਘ, ਚਰਨਜੀਤ ਸਿੰਘ, ਡਾ: ਜਰਨੈਲ ਸਿੰਘ, ਸ੍ਰੀਮਤੀ ਕਰਮਜੀਤ ਕੌਰ, ਹਰਪ੍ਰੀਤ ਸਿੰਘ, ਜੈ ਸਿੰਘ, ਰਣਬੀਰ ਸਿੰਘ, ਆਰ.ਕੇ.ਨਫਰਾ, ਜ਼ਸਵਿੰਦਰ ਸਿੰਘ, ਹਨੀ ਸਿੰਘ ਲਾਲੜੂ, ਰਾਮਪਾਲ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।



# ਨੀਵਾ ਬੂਪਾ ਨੇ ਆਪਣੇ ਉਪਭੋਗਤਾਵਾਂ ਨੂੰ ਚਿੰਤਾ ਮੁਕਤ ਜ਼ਿੰਦਗੀ ਬਿਤਾਉਣ ਵਿੱਚ ਮਦਦ ਕਰਨ ਲਈ ਪਰਸਨਲ ਐਕਸੀਡੈਂਟ ਪਲੈਨ ਦਾ ਉਦਘਾਟਨ ਕੀਤਾ

**ਚੰਡੀਗੜ/ਲੋਕ ਬਾਣੀ**

ਭਾਰਤ ਦੀ ਇੱਕ ਪ੍ਰਮੁੱਖ ਸਟੈਂਅਲੋਨ ਹੈਲਥ ਇੰਸ਼ੁਰੈਂਸ ਕੰਪਨੀ ਨੀਵਾ ਬੂਪਾ ਹੈਲਥ ਇੰਸ਼ੁਰੈਂਸ ਕੰਪਨੀ ਲਿਮੀਟਡ (ਜਿਸਨੂੰ ਪਹਿਲਾਂ ਮੈਕਸ ਬੂਪਾ ਹੈਲਥ ਇੰਸ਼ੁਰੈਂਸ ਕੰਪਨੀ ਲਿਮੀਟਡ ਦੇ ਨਾਮ ਨਾਲ ਜਾਣਿਆ ਜਾਂਦਾ ਸੀ) ਨੇ ਇੱਕ ਸਟੈਂਡਅਲੋਨ ਪਰਸਨਲ ਐਕਸੀਡੈਂਟ ਪਲੈਨ ਦੀ ਘੋਸ਼ਣਾ ਕੀਤੀ ਹੈ ਜੋ ਪਾਲਸੀਹੋਲਡਰ ਦੀ ਮੌਤ, ਅੰਸ਼ਕ, ਅਸਥਾਈ, ਸੰਪੂਰਨ ਅਪਾਹਜਤਾ ਦੀ ਸੂਰਤ ਵਿੱਚ ਉਸਦੇ ਪਰਿਵਾਰਕ ਮੈਂਬਰਾਂ ਨੂੰ ਵਿਤੀ ਸੁਰੱਖਿਆ ਪ੍ਰਦਾਨ ਕਰੇਗੀ। ਇਸ ਪਲੈਨ ਨੂੰ ਉਪਭੋਗਤਾਵਾਂ ਨੂੰ ਬਿਨਾਂ ਕਿਸੇ ਦੁਰਘਟਨਾ ਤੋਂ ਆਪਣੇ ਜੀਵਨ ਦਾ ਅਨੰਦ ਲੈਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਅਨੋਖੇ ਫਾਇਦਿਆਂ ਵਾਲਾ ਇਹ ਪ੍ਰੋਡਕਟ 'ਲਿਵ ਇਟ ਅੱਪ' (ਇਸਨੂੰ ਜੀਓ) ਕੈਂਪੇਨ ਦੇ ਨਾਲ ਲਾਂਚ ਕੀਤਾ ਗਿਆ ਹੈ ਜੋ ਉਪਭੋਗਤਾਵਾਂ ਨੂੰ ਆਪਣੇ ਜੀਵਨ ਦਾ ਪੂਰਾ ਅਨੰਦ ਲੈਣ ਲਈ ਪ੍ਰੇਰਿਤ ਕਰਦਾ ਹੈ। ਪਰਸਨਲ ਐਕਸੀਡੈਂਟ ਪਲੈਨ ਸਲਾਨਾ ਆਮਦਨ ਦੀ ਅਧਿਕਤਮ 25 ਗੁਣਾ ਬੀਮਾ ਰਾਸ਼ੀ ਮੁਹੱਈਆ ਕਰਵਾਉਂਦਾ ਹੈ।

ਇਸ ਪਰਸਨਲ ਐਕਸੀਡੈਂਟ ਪਲੈਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ: ਅਸਥਾਈ ਸੰਪੂਰਨ ਅਪਾਹਜਤਾ (ਟੀਟੀਡੀ) ਫਾਇਦਾ ਜੋ ਦੁਰਘਟਨਾ ਵਿੱਚ ਪਾਲਸੀਹੋਲਡਰ ਅਸਥਾਈ ਤੌਰ ਤੇ ਸੰਪੂਰਨ ਅਪਾਹਜਤਾ (ਟੀਟੀਡੀ) ਦੀ ਸੂਰਤ ਵਿੱਚ ਉਸਦੀ ਆਮਦਨ ਦੇ ਅਸਥਾਈ ਘਾਟੇ ਨੂੰ ਪੂਰਾ ਕਰਨ ਲਈ ਉਸਨੂੰ ਹਰ ਹਫਤੇ ਬੇਸ ਸੰਮ ਦਾ 2% (1 ਹਫਤੇ ਵਿੱਚ ਅਧਿਕਤਮ ਇਕ ਲੱਖ ਰੁਪਏ) ਮੁਹੱਈਆ ਕਰਵਾਉਂਦਾ ਹੈ। ਇਹ ਕੰਪਨੀ ਪ੍ਰਤੀ ਹਫਤਾ ਬੇਸ ਸੰਮ ਦਾ 1% ਦਰ ਦੇ ਨਾਲ ਗੈਰ-ਆਮਦਨੀ ਮੈਂਬਰਾਂ ਨੂੰ ਟੀਟੀਡੀ ਵੀ ਮੁਹੱਈਆ ਕਰਵਾਉਂਦੀ ਹੈ। ਇਹ ਫਾਇਦਾ ਕੋਮਾ ਜਾਂ ਅੱਗ ਲੱਗ ਜਾਣ ਦੀ ਸੂਰਤ ਵਿੱਚ ਵੀ ਦਿੱਤੇ ਜਾਂਦੇ ਹਨ। ਇਹ ਪਲੈਨ ਇੱਕ ਵਾਧੂ ਫਾਇਦੇ ਦੇ ਤੌਰ ਤੇ ਪਾਲਸੀਹੋਲਡਰ ਦੀ ਮੌਤ ਹੋਣ ਤੇ ਉਸਦੇ ਪਰਿਵਾਰ ਨੂੰ ਕਰਜ਼ੇ ਦੇ ਮੂਲ ਦੀ ਬਾਕੀ ਬਚਦੀ ਰਾਸ਼ੀ ਤੋਂ ਵੀ ਸੁਰੱਖਿਅਤ ਕਰਦਾ ਹੈ ਜਿਸ ਨਾਲ ਵਿਤੀ ਬੋਝ ਵੀ ਘੱਟ ਹੋਵੇਗਾ ਅਤੇ ਪਰਿਵਾਰ ਨੂੰ ਆਮਦਨ ਦਾ ਸਾਧਨ ਵੀ ਮਿਲੇਗਾ।

ਨੀਵਾ ਬੂਪਾ ਦੀ ਉਪਭੋਗਤਾ ਕੇਂਦ੍ਰਿਤ ਫਿਲਾਸਫੀ ਦੀ ਦਿਸ਼ਾ ਵਿੱਚ ਹੀ ਇਸ ਕੰਪਨੀ ਨੇ ਇੱਕ ਮਹੀਨੇਵਾਰ ਜ਼ਰੂਰਤਾਂ ਫਾਇਦਾ ਪੇਸ਼ ਕੀਤਾ ਹੈ ਜੋ ਦੁਰਘਟਨਾ ਵਿੱਚ ਪਾਲਸੀਹੋਲਡਰ ਦੀ ਮੌਤ/ਸਥਾਈ ਸੰਪੂਰਨ ਅਪਾਹਜਤਾ (ਪੀਟੀਡੀ)/ ਸਥਾਈ ਅੰਸ਼ਕ ਅਪਾਹਜਤਾ (ਪੀਪੀਡੀ)/ਕੋਮਾ/ਅੱਗ ਲੱਗ ਜਾਣ ਆਦਿ ਦੀ ਸੂਰਤ ਵਿੱਚ ਦੁਰਘਟਨਾ ਤੋਂ ਬਾਅਦ 3 ਮਹੀਨੇ ਤੱਕ ਇੱਕ ਉੱਕੀ-ਮੁੱਕੀ ਰਕਮ (ਬੇਸ ਸੰਮ ਇੰਸ਼ੁਰਡ ਦਾ 0.5%, 50,000 ਰੁਪਏ ਪ੍ਰਤੀ ਮਹੀਨੇ ਤੱਕ) ਦਿੱਤਾ ਜਾਵੇਗਾ। ਇਹ ਪਲੈਨ ਪਰਿਵਾਰਕ ਮੈਂਬਰਾਂ ਲਈ ਬਹੁਤ ਹੀ ਆਕਰਸ਼ਕ ਫਾਇਦੇ ਪੇਸ਼ ਕਰਦਾ ਹੈ- ਬੱਚਿਆਂ ਨੂੰ ਸਿੱਖਿਆ (5 ਲੱਖ ਰੁਪਏ ਤੱਕ) ਅਤੇ ਵਿਆਹ ਦੇ ਖਰਚੇ (10 ਲੱਖ ਰੁਪਏ ਤੱਕ), ਅਤੇ ਸਿੱਖਿਆ ਸਲਾਹ ਤੇ ਪਲੇਸਮੈਂਟ ਸਰਵਿਸ ਸਹਾਇਤਾ, ਬਜ਼ੁਰਗਾਂ ਲਈ ਫਾਇਦੇ (5 ਲੱਖ ਰੁਪਏ ਤੱਕ), ਆਦਿ।

ਇਸ ਨਵੇਂ ਪ੍ਰੋਡਕਟ ਦੇ ਉਦਘਾਟਨ ਬਾਰੇ ਬੋਲਦਿਆਂ ਸ਼੍ਰੀ ਕ੍ਰਿਸ਼ਣਨ ਰਾਮਾਚੰਦਰਨ, ਐਮਡੀ ਅਤੇ ਸੀਈਓ, ਨੀਵਾ ਬੂਪਾ, ਨੇ ਕਿਹਾ, "ਦੁਰਘਟਨਾਵਾਂ ਬਹੁਤ ਹੀ ਸਧਾਰਣ ਗੱਲ ਹਨ, ਅਤੇ ਦੁਰਘਟਨਾਵਾਂ ਵਿੱਚ ਕਿਸੇ ਵੀ ਕਿੱਤੇ, ਉਮਰ, ਸਿਹਤ ਵਾਲੇ ਵਿਅਕਤੀ ਨੂੰ ਭਾਰੀ ਸਰੀਰਕ ਨੁਕਸਾਨ ਵੀ ਹੋ ਸਕਦਾ ਹੈ। ਇਹਨਾਂ ਦੁਰਘਟਨਾਵਾਂ ਵਿੱਚ ਸੜਕ ਦੁਰਘਟਨਾਵਾਂ ਜਾਂ ਕਿਸੇ ਜਾਨਵਰ ਦੇ ਕੱਟਣ/ਡੰਗ ਮਾਰਨ ਜਿਹੀਆਂ ਘਟਨਾਵਾਂ ਸ਼ਾਮਿਲ ਹਨ। ਭਾਰਤ ਸਰਕਾਰ ਦੇ ਸੜਕ ਯਾਤਾਯਾਤ ਅਤੇ ਰਾਜਮਾਰਗ ਮੰਤਰਾਲੇ ਦੇ ਅਨੁਸਾਰ ਭਾਰਤੀ ਸੜਕਾਂ ਤੇ ਰੋਜ਼ਾਨਾਂ ਦੁਰਘਟਨਾਵਾਂ ਵਿੱਚ 415 ਮੌਤਾ ਹੁੰਦੀਆਂ ਹਨ ਜੋ ਕਿ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਹੈ। ਇਹਨਾਂ ਦੁਰਘਟਨਾਵਾਂ ਵਿੱਚ ਸਲਾਨਾ 1.5 ਲੱਖ ਮਰਦੇ ਹਨ ਅਤੇ 3.5 ਲੱਖ ਲੋਕ ਅਪਾਹਜ ਹੁੰਦੇ ਹਨ। ਇੱਕ ਦੁਰਘਟਨਾ ਬਹੁਤ ਹੀ ਡਰਾਉਣ ਵਾਲੀ ਘਟਨਾ ਹੈ ਕਿਉਂਕਿ ਇਸ ਨਾਲ ਪਰਿਵਾਰ ਦੀ ਸਮਾਜਿਕ, ਭਾਵਨਾਤਮਕ, ਅਤੇ ਵਿਤੀ ਹਾਲਤ ਨੂੰ ਠੇਸ ਪਹੁੰਚਦੀ ਹੈ।

# ਵਿਜੈ ਇੰਦਰ ਸਿੰਗਲਾ ਨੇ ਕੌਂਸਲਿੰਗ ਮੁਹਿੰਮ ਤਹਿਤ 4 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ

**■ ਯੋਗਤਾ ਪਛਾਣਨ ਲਈ ਕਰਵਾਏ 'ਸਾਇਕੋਮੀਟ੍ਰਿਕ ਟੈਸਟ' ਦੇ ਨਤੀਜਿਆਂ ਅਨੁਸਾਰ ਕਰੀਅਰ ਦੀ ਚੋਣ ਕਰਨ ਲਈ ਵਿਦਿਆਰਥੀਆਂ ਨੂੰ ਕੀਤੇ ਜਾ ਰਿਹੈ ਪ੍ਰੇਰਿਤ: ਸਕੂਲ ਸਿੱਖਿਆ ਮੰਤਰੀ**



**ਸੰਗਰੂਰ/ਵਰਮਾ**

ਸਕੂਲ ਸਿੱਖਿਆ ਮੰਤਰੀ ਪੰਜਾਬ ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਸੰਗਰੂਰ ਹਲਕੇ 'ਚ ਬੱਚਿਆਂ ਨੂੰ ਆਪਣੀ ਯੋਗਤਾ ਦੇ ਆਧਾਰ 'ਤੇ ਭਵਿੱਖ 'ਚ ਉਚੇਰੀ ਸਿੱਖਿਆ ਅਤੇ ਕਰੀਅਰ ਦੀ ਚੋਣ ਕਰਨ ਲਈ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਨਾਲ ਮੁਲਾਕਾਤ ਕੀਤੀ। ਕੌਂਸਲਿੰਗ ਤੇ ਹੌਸਲਾ ਅਫ਼ਜ਼ਾਈ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਅੱਜ ਕੈਬਨਿਟ ਮੰਤਰੀ ਸ੍ਰੀ ਸਿੰਗਲਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ), ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ), ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੰਗਾਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੰਗਵਾਲ ਵਿਖੇ

ਵਿਦਿਆਰਥੀਆਂ ਦੀ ਯੋਗਤਾ ਪਛਾਣਨ ਲਈ ਕਰਵਾਏ ਗਏ 'ਸਾਇਕੋਮੀਟ੍ਰਿਕ ਟੈਸਟ' ਦੇ ਨਤੀਜਿਆਂ ਦੀ ਵੰਡ ਕੀਤੀ।

ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਦੱਸਿਆ ਕਿ ਸਿੱਖਿਆ ਦੇ ਖੇਤਰ 'ਚ ਅਜਿਹੇ ਟੈਸਟ ਕਰਵਾਉਣ ਵਾਲੀ ਸਿਰਮੌਰ ਸੰਸਥਾ 'ਵੀਬੌਕਸ' ਵੱਲੋਂ ਕੋਵਿਡ ਮਹਾਂਮਾਰੀ ਦੌਰਾਨ ਹੀ ਆਨਲਾਈਨ ਮਾਧਿਅਮ ਜ਼ਰੀਏ ਹਲਕੇ ਦੇ ਵਿਦਿਆਰਥੀਆਂ ਦਾ 'ਸਾਇਕੋਮੀਟ੍ਰਿਕ ਟੈਸਟ' ਕਰਵਾਇਆ ਸੀ। ਉਨਾਂ ਕਿਹਾ ਕਿ ਟੈਸਟ ਦੇ ਨਤੀਜੇ ਆਉਣ 'ਤੇ ਸਾਰੇ ਵਿਦਿਆਰਥੀਆਂ ਨੂੰ ਉਨਾਂ ਦੀ ਯੋਗਤਾ ਦੇ ਆਧਾਰ 'ਤੇ ਉਚੇਰੀ ਸਿੱਖਿਆ ਲਈ ਕੋਰਸਾਂ ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਸਿੱਖਿਆ ਦੇ ਖੇਤਰ 'ਚ ਅੱਵਲ ਦਰਜਾ ਬਣਾਈ ਰੱਖਣ ਲਈ ਬੁਨਿਆਦੀ ਢਾਂਚੇ 'ਚ ਸੁਧਾਰ ਤੋਂ ਇਲਾਵਾ ਅਜਿਹੀਆਂ ਹੋਰ ਵੀ ਪਹਿਲਕਦਮੀਆਂ ਲਿਆਉਣ 'ਤੇ ਜ਼ੋਰ ਦਿੱਤਾ ਜਾਵੇਗਾ।

ਇਸ ਮੁਹਿੰਮ ਤਹਿਤ ਇੰਨਾਂ ਸਕੂਲਾਂ ਵਿਚ ਸਿੱਖਿਆ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਨਾਲ ਰੂ-ਬ-ਰੂ ਮੁਲਕਾਤ ਕੀਤੀ। ਇਸ ਮੌਕੇ ਕੋਵਿਡ ਮਹਾਂਮਾਰੀ ਦਾ ਖਿਆਲ ਰੱਖਦਿਆਂ ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਨੂੰ ਗਿਣਤੀ ਦੇ ਹਿਸਾਬ ਨਾਲ ਵੱਖ-ਵੱਖ ਕਮਰਿਆਂ 'ਚ ਬਿਠਾਇਆ ਗਿਆ ਸੀ ਤੇ ਸਿੱਖਿਆ ਮੰਤਰੀ ਵੱਲੋਂ ਬੜੀ ਸੰਜੀਦਗੀ ਨਾਲ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਗਈ। ਉਨਾਂ ਕਿਹਾ ਕਿ ਵਿਦਿਆਰਥੀਆਂ ਦੀ ਮੰਗ ਤੇ ਯੋਗਤਾ ਅਨੁਸਾਰ ਉਚੇਰੀ ਸਿੱਖਿਆ ਦੇ ਨੀਟ ਵਰਗੇ ਕੋਰਸਾਂ ਲਈ ਕੋਚਿੰਗ ਮੁਹੱਈਆ ਕਰਵਾਉਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲਾ ਸਿੱਖਿਆ ਅਫ਼ਸਰ ਮਲਕੀਤ ਸਿੰਘ ਖੋਸਾ, ਸੁਰਿੰਦਰ ਸਿੰਘ ਭਰੂਰ, ਕੁਲਦੀਪ ਸਿੰਘ ਭੁੱਲਰ, ਇਲਾਕੇ ਦੇ ਆਗੂ ਤੇ ਵਰਕਰ ਤੇ ਸਕੂਲਾਂ ਦਾ ਸਮੂਹ ਸਟਾਫ ਹਾਜ਼ਰ ਸੀ।

# ਡੇਢ ਦਰਜਨ ਨੌਜਵਾਨ ਪਰਿਵਾਰਾਂ ਸਮੇਤ ਆਪ ਤੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ 'ਚ ਸ਼ਾਮਲ



**■ ਗਗਨਦੀਪ ਸਿੰਘ ਜਲਾਲਪੁਰ ਨੇ ਸਿਰੋਪਾਓ ਪਾ ਕੇ ਕੀਤਾ ਸਵਾਗਤ**

**ਘਨੌਰ/ਸਰਦਾਰਾ ਸਿੰਘ ਲਾਛੜੂ**

ਹਲਕਾ ਘਨੌਰ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਹੋਰ ਬਲ ਮਿਲਿਆ ਜਦੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ ਦੀ ਅਗਵਾਈ,ਕਾਂਗਰਸੀ ਆਗੂ ਹਰਜਿੰਦਰ ਸਿੰਘ ਜਰੀਕਪੁਰ ਅਤੇ ਬੀਬੀ ਕੌਰ ਜਰੀਕਪੁਰ ਦੀ ਪ੍ਰੇਰਣਾ ਸਦਕਾ ਵਿੱਚ ਤਿੰਨ ਦਰਜਨ ਤੋਂ ਵੱਧ ਨੌਜਵਾਨ ਆਪਣੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਜਸਵੰਤ ਸਿੰਘ ਜਰੀਕਪੁਰ, ਨਿਰਮਲ ਸਿੰਘ ਜਰੀਕਪੁਰ, ਗੁਰਪ੍ਰੀਤ ਸਿੰਘ ਸ਼ੇਖੂਪੁਰ ਰਾਜਪੂਤਾਂ, ਲਾਭ ਸਿੰਘ ਜਰੀਕਪੁਰ, ਗੁਰਚਰਨ ਸਿੰਘ ਢੀਂਡਸਾ, ਕਾਕਾ ਰਾਮ ਜਰੀਕਪੁਰ, ਸੁਖਵਿੰਦਰ ਸਿੰਘ ਮੰਡਿਆਣਾ, ਗੁਰਧਿਆਨ ਸਿੰਘ ਹਰਪਾਲਾਂ, ਸੁਖਦੀਪ ਸਿੰਘ ਹਰਪਾਲਾਂ, ਸੁਰਿੰਦਰ ਸਿੰਘ ਸੰਜਰਪੁਰ, ਮਨੀ ਮੰਡਿਆਣਾ, ਕਮਲ ਮੰਡਿਆਣਾ, ਹਰਿੰਦਰ ਖਾਨਪੁਰ ਭੋਗਲਾਂ, ਬੋਲਟ ਮੰਡਿਆਣਾ, ਗਗਨ ਖਾਨਪੁਰ ਭੋਗਲਾਂ ਤੇ ਜੱਗਾ ਖਾਨਪੁਰ ਭੋਗਲਾਂ ਨੂੰ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਸਪੁੱਤਰ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ ਨੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਅਤੇ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਸਾਮਲ ਹੋਣ ਵਾਲਿਆ ਨੂੰ ਕਾਂਗਰਸ ਵਿਚ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਗਗਨਦੀਪ ਸਿੰਘ ਜਲਾਲਪੁਰ ਨੇ ਕਿਹਾ ਕਿ ਹਲਕਾ ਵਿਧਾਇਕ ਸ੍ਰੀ ਮਦਨ ਲਾਲ ਜਲਾਲਪੁਰ ਵੱਲੋਂ ਕੀਤੇ ਗਏ ਵਿਕਾਸ ਕੰਮਾਂ ਦੇ ਚਲਦਿਆਂ ਅੱਜ ਵਿਰੋਧੀ ਪਾਰਟੀਆਂ ਦੇ ਵਰਕਰ ਕਾਂਗਰਸ ਵਿੱਚ ਧੜਾਧੜ ਸ਼ਾਮਲ ਹੋ ਰਹੇ ਹਨ, ਜਿਸ ਦੇ ਚਲਦਿਆਂ ਹਲਕਾ ਘਨੌਰ ਵਿੱਚ ਉਨ੍ਹਾਂ ਦੀ ਪਹਿਲਾਂ ਨਾਲੋਂ ਵੀ ਵੱਡੀ ਜਿੱਤ ਹੋਵੇਗੀ ਤੇ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣਗੀਆਂ।

# ਕਾਂਗਰਸ ਪਾਰਟੀ ਵਿੱਚ ਕੁਰਸੀ ਲਈ ਮੱਚੀ ਆਪੋ-ਧਾਪੀ-ਰਾਂਝਾ ਬਖਸ਼ੀ

**■ ਹੁਣ ਸਿੱਧੂ ਰਾਹੀਂ ਪੰਜਾਬਵਾਸੀਆਂ ਨੂੰ ਧੋਖਾ ਦੇਣਾ ਚਾਹੁੰਦੀ ਹੈ ਕਾਂਗਰਸ ਹਾਈਕਮਾਨ**



**ਸੁਨਾਮ/ਵਰਮਾ**

ਕਾਂਗਰਸ ਪਾਰਟੀ ਵਿੱਚ ਕੁਰਸੀ ਹਾਸਲ ਕਰਨ ਲਈ ਆਪੋ-ਧਾਪੀ ਮੱਚੀ ਹੋਈ ਹੈ ਅਤੇ ਕਾਂਗਰਸ ਦੇ ਲੀਡਰ ਪੰਜਾਬੀਆਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਨੂੰ ਕਿਨਾਰੇ ਕਰਕੇ ਸਿਰਫ ਕੁਰਸੀਆਂ ਹਾਸਲ ਕਰਨ ਦੀ ਲੜਾਈ ਵਿੱਚ ਰੁੱਝੇ ਹੋਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਭਾਜਪਾ ਦੇ ਐੱਸ ਸੀ ਮੋਰਚੇ ਦੇ ਸੂਬਾ ਜਰਨਲ ਸਕੱਤਰ ਰਾਂਝਾ ਬਖਸ਼ੀ ਨੇ ਕੀਤਾ। ਉਨ੍ਹਾਂ ਕਿਹਾ ਕਿ ਆਪਣੇ-ਆਪ ਨੂੰ ਪੰਜਾਬ ਦਾ ਕੈਪਟਨ ਕਹਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਢਾਹ ਲਾਉਣ ਲਈ ਪਹਿਲਾਂ ਹੀ ਨਵਜੋਤ ਸਿੱਧੂ ਦੀ ਅਗਵਾਈ ਵਿੱਚ ਮੁਹਿੰਮ ਚੱਲ ਰਹੀ ਸੀ। ਪਰ ਜਦੋਂ ਤੋਂ ਨਵਜੋਤ ਸਿੱਧੂ ਕਾਂਗਰਸ ਦਾ ਪ੍ਰਧਾਨ ਬਣਿਆ ਹੈ, ਉਸ ਸਮੇਂ ਤੋਂ ਇਹ ਮੁਹਿੰਮ ਹੋਰ ਵੀ ਤੇਜ ਹੋ ਗਈ ਹੈ। ਰਾਂਝਾ ਬਖਸੀ ਨੇ ਕਿਹਾ ਕਿ ਪਹਿਲਾਂ ਵੀ ਕਈ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਵਿੱਚ ਬੇ-ਭਰੋਸਗੀ ਪ੍ਰਗਟ ਕਰ ਚੁੱਕੇ ਸਨ। ਅੱਜ ਹੋਰ 3 ਮੰਤਰੀਆਂ ਅਤੇ 32 ਵਿਧਾਇਕਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਤੋਂ ਬਗਾਵਤ ਕਰਕੇ ਕਾਂਗਰਸ ਹਾਈ ਕਮਾਨ ਤੋਂ ਮੁੱਖ ਮੰਤਰੀ ਬਦਲਣ ਦੀ ਮੰਗ ਕੀਤੀ ਹੈ।

ਰਾਂਝਾ ਬਖਸੀ ਨੇ ਕਿਹਾ ਕਿ ਕਾਂਗਰਸੀ ਲੀਡਰਾਂ ਨੂੰ ਆਪੋ-ਆਪਣੀ ਕੁਰਸੀ ਬਚਾਉਣ ਅਤੇ ਦੂਜੇ ਦੀ ਕੁਰਸੀ ਖੋਹਣ ਤੋਂ ਬਿਨਾਂ ਹੋਰ ਕੋਈ ਜਨਤਾ ਹਿੱਤ ਵਾਲਾ ਕੰਮ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਲੱਗਭੱਗ ਪੌਣੇ 5 ਸਾਲ ਸੱਤਾ ਸੁਖ ਭੋਗਣ ਤੋਂ ਬਾਅਦ ਵੀ ਕਾਂਗਰਸੀ ਆਗੂ ਸੱਤਾ ਹਾਸਲ ਕਰਨ ਲਈ ਕਾਟੋ-ਕਲੇਸ਼ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਜਨਤਾ ਦੀ ਕਚਹਿਰੀ ਵਿੱਚ ਜਾਣ ਲਈ ਕਾਂਗਰਸੀ ਆਗੂਆਂ ਕੋਲ ਕੋਈ ਮੁੱਦੇ ਹੀ ਨਹੀਂ ਹਨ। ਜਿਸ ਕਾਰਨ ਨਿਰਾਸ਼ਾ ਦੇ ਆਲਮ ਵਿੱਚ ਕਾਂਗਰਸੀ ਆਗੂਆਂ ਵਿੱਚ ਆਪੋ-ਧਾਪੀ ਮੱਚੀ ਹੋਈ ਹੈ ਅਤੇ ਕਾਂਗਰਸ ਆਗੂ 'ਉਤਰ ਕਾਟੋ ਮੇਰੀ ਵਾਰੀ' ਖੇਡ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਨ ਵੀ ਨਵਜੋਤ ਸਿੱਧੂ ਨੂੰ ਇੱਕ ਕ੍ਰਾਂਤੀਕਾਰੀ ਆਗੂ ਵਜੋਂ ਪੇਸ਼ ਕਰਕੇ ਸੂਬਾ ਵਾਸੀਆਂ ਨੂੰ ਧੋਖਾ ਦੇਣਾ ਚਾਹੁੰਦੀ ਹੈ। ਪਰ ਸੂਬਾ ਵਾਸੀ ਕਾਂਗਰਸ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਵਿੱਚ ਨਹੀਂ ਆਉਣਗੇ ਅਤੇ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਸ਼ੀਸ਼ਾ ਜ਼ਰੂਰ ਦਿਖਾਉਣਗੇ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਹੁਣ ਭਾਰਤ ਦੇ 73 ਸਹਿਰਾਂ ਵਿਚ ਹੋਵੇਗੀ ਅੰਗ੍ਰੇਜ਼ੀ ਭਾਸਾ ਗਿਆਨ ਦੀ ਦੁਨੀਆਂ ਵਿਚ ਸਭ ਤੋਂ ਮਸਹੂਰ ਪ੍ਰੀਖਿਆ

**ਚੰਡੀਗੜ੍ਹ/ਲੋਕ ਬਾਣੀ**

ਹੁਣ ਭਾਰਤ ਦੇ ਅੰਦਰ ਜਿਆਦਾ ਗਿਣਤੀ ਵਿਚ ਲੋਕ ਆਈਈਐਲਟੀਐਸ ਦੀ ਪ੍ਰੀਖਿਆ ਦੇ ਕੇ ਵਿਦੇਸ ਵਿਚ ਪੜ੍ਹਨ, ਕੰਮ ਕਰਨ ਅਤੇ ਕੈਰਿਅਰ ਬਣਾਉਣ ਦੇ ਟੀਚਿਆਂ ਦੀ ਦਿਸਾ ਵਿਚ ਪਹਿਲਾ ਕਦਮ ਚੁੱਕਣਗੇ . ਇਹ ਦੁਨੀਆਂ ਦੀ ਸਭ ਤੋਂ ਮਸਹੂਰ ਅੰਗ੍ਰੇਜ਼ੀ ਭਾਸਾ ਗਿਆਨ ਪ੍ਰੀਖਿਆ ਹੈ . 1 ਅਗਸਤ, 2021 ਨੂੰ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਪੂਰੀ ਦੁਨੀਆਂ ਦੇ 11,000 ਨਾਲੋਂ ਜਿਆਦਾ ਸੰਗਠਨਾਂ ਵਿਚ ਮਾਨਤਾ ਪ੍ਰਾਪਤ ਇਹ ਪ੍ਰੀਖਿਆ ਹੁਣ ਪੂਰੇ ਭਾਰਤ ਦੇ 73 ਸਹਿਰਾਂ ਵਿਚ ਆਯੋਜਿਤ ਕੀਤੀ ਜਾਵੇਗੀ . 'ਸਾਨੂੰ ਖੁਸੀ ਹੈ ਕਿ ਹੁਣ ਭਾਰਤ ਦੇ ਅੰਦਰ ਜਿਆਦਾ ਗਿਣਤੀ ਵਿਚ ਉਮੀਦਵਾਰ ਦੁਨੀਆਂ ਦੀ ਸਭ ਤੋਂ ਮਸਹੂਰ ਅੰਗ੍ਰੇਜ਼ੀ ਭਾਸਾ ਗਿਆਨ ਪ੍ਰੀਖਿਆ ਦੇ ਸਕਣਗੇ ਅਤੇ ਉਨ੍ਹਾਂ ਨੂੰ ਜੀਵਨ ਦੇ ਨਵੇਂ ਮੌਕਿਆਂ ਦਾ ਲਾਭ ਲੈਣ ਵਿਚ ਮਦਦ ਮਿਲੇਗੀ,' ਦੱਖਣੀ ਏਸੀਆ ਵਿਚ ਆਈਡੀਪੀ ਦੇ ਖੇਤਰੀ ਨਿਰਦੇਸਕ ਪੀਯੂਸ ਕੁਮਾਰ ਨੇ ਕਿਹਾ . 'ਆਈਈਐਲਟੀਐਸ ਦਾ 30 ਸਾਲ ਦਾ ਲੰਮਾਂ ਇਤਿਹਾਸ ਅਤੇ ਇਸਦਾ ਵਿਸਵ ਪੱਧਰੀ ਸਾਂਝੇਦਾਰੀ ਮਾਡਲ ਇਹ ਸੁਨਿਸਚਿਤ ਕਰਦਾ ਹੈ ਕਿ ਪੂਰੇ ਦੇਸ ਦੇ ਹਰੇਕ ਪ੍ਰੀਖਿਆ ਕੇਂਦਰ ਦੇ ਸੰਚਾਲਨ ਵਿਚ ਵਿਸਵ ਪੱਧਰੀ ਮਾਣਕ ਦੀ ਕੁਆਲਿਟੀ ਅਤੇ ਇਮਾਨਦਾਰੀ ਵਰਤੀ ਜਾਵੇ ।'ਪ੍ਰੀਖਿਆਰਥੀਆਂ ਨੇ ਸਾਨੂੰ ਦੱਸਿਆ ਹੈ ਕਿ ਮਨਚਾਹਿਆ ਸਕੋਰ ਕਰਨ ਵਿਚ ਪ੍ਰੀਖਿਆ ਦੇ ਦਿਨ ਦਾ ਅਨੁਭਵ ਬਹੁਤ ਮਹੱਤਵਪੂਰਣ ਹੈ . ਇਸ ਲਈ ਸਾਡੀ ਮਾਹਿਰ ਟੀਮ ਉਨ੍ਹਾਂ ਨੂੰ ਵਧੀਆ ਅਨੁਭਵ ਦੇਣ ਦੀ ਪਹਿਲ ਦਿੰਦੀ ਹੈ ਅਤੇ ਇਹ ਸੁਨਿਸਚਿਤ ਕਰਦੀ ਹੈ ਕਿ ਸਭ ਕੁਝ ਸਹੀ ਹੋਵੇ ਅਤੇ ਪ੍ਰੀਖਿਆਰਥੀਆਂ ਨੂੰ ਵਧੀਆ ਅਨੁ ਭਵ ਮਿਲੇ ਚਾਹੇ ਉਹ ਕਿਤੇ ਵੀ ਪ੍ਰੀਖਿਆ ਦੇਣ, ਸ੍ਰੀ ਕੁਮਾਰ ਨੇ ਕਿਹਾ .

ਅਕਸਰ ਕਈ ਉਮੀਦਵਾਰ ਆਈਈਐਲਟੀਐਸ ਪ੍ਰੀਖਿਆ ਦਾ ਆਪਣਾ ਵਧੀਆ ਅਨੁਭਵ ਸੇਅਰ ਕਰਦੇ ਹਨ . ਉਹ ਪ੍ਰੀਖਿਆ ਆਯੋਜਨ ਅਤੇ ਉਮੀਦਵਾਰਾਂ ਦੇ ਪ੍ਰਦਰਸਨ ਦਾ ਸਮਾਧਾਨ ਦੇਣ ਵਿਚ ਆਈਡੀਪੀ ਦੀ ਕੁਸਲਤਾ ਦੀ ਸਲਾਘਾ ਕਰਦੇ ਹਨ . ਇਸੇ ਤਰ੍ਹਾਂ ਹੀ ਇੱਕ ਉਮੀਦਵਾਰ ਐਮਿਟੀ ਯੂਨੀਵਰਸਿਟੀ ਵਿਚ ਬੀਐਸਸੀ ਮਕੈਨੀਕਲ ਇੰਜੀਨੀਅਰਿੰਗ ਦੇ ਵਿਦਿਆਰਥੀ ਨਿਤਿਸ ਅਰੋੜਾ ਹਨ ਜਿਹੜੇ ਹੁਣ ਕਨੇਡਾ ਵਿਚ ਮਾਸਟਰਸ ਕਰ ਰਹੇ ਹਨ . ਨਿਸਤਿ ਨੇ ਕਿਹਾ ਕਿ ਆਈਈਐਲਟੀਐਸ ਭਾਰਤ ਦੀ ਸਭ ਤੋਂ ਵਿਸਵਾਸਯੋਗ ਅੰਗ੍ਰੇਜ਼ੀ ਭਾਸਾ ਗਿਆਨ ਪ੍ਰੀਖਿਆ ਹੈ ਅਤੇ ਇਸਦਾ ਕਾਰਨ ਇਹ ਹੈ ਕਿ ਵਿਦੇਸ ਵਿਚ ਪੜ੍ਹਨ ਦੀ ਮਹੱਤਵਕਾਂਕਸਾ ਪੂਰੀ ਕਰਨ ਦੇ ਲਈ ਮੈਨੂੰ ਬਹੁਤ ਸਾਰੇ ਸੰਸਥਾਨਾਂ ਨੇ ਕੰਪਿਊਟਰ ਮਾਧਿਅਮ ਨਾਲ ਆਈਈਐਲਟੀਐਸ ਪ੍ਰੀਖਿਆ ਦੇਣ ਦਾ ਸੁਝਾਅ ਦਿੱਤਾ .'ਆਈਈਐਲਟੀਐਸ ਦੀ ਟੀਮ ਬਹੁਤ ਮਦਦ ਕਰਦੀ ਹੈ ਅਤੇ ਪ੍ਰੀਖਿਆ ਬਹੁਤ ਸਾਂਤਮਈ ਹਲਾਤਾਂ ਵਿਚ ਹੁੰਦੀ ਹੈ ਤਾਂ ਕਿ ਪ੍ਰੀਖਿਆਰਥੀ ਪ੍ਰੀਖਿਆ ਤੇ ਧਿਆਨ ਕੇਂਦਰਿਤ ਕਰਨ,' ਸ੍ਰੀ ਅਰੋੜਾ ਨੇ ਕਿਹਾ . 'ਮੈਨੂੰ ਇਸਦਾ ਪੂਰਾ ਅਨੁਭਵ ਬਹੁਤ ਸਹੀ ਅਤੇ ਵਧੀਆ ਲੱਗਿਆ . ਮੈਂ ਆਪਣੇ ਦੋਸਤਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਆਈਈਐਲਟੀਐਸ ਦੇ ਬਠਿੰਡਾ ਪ੍ਰੀਖਿਆ ਕੇਂਦਰ ਵਿਚ ਪ੍ਰੀਖਿਆ ਦੇਣ ਦਾ ਸੁਝਾਅ ਦੇਵਾਂਗਾ।

■ ਪੂਰੇ ਭਾਰਤ ਦੇ ਕਈ ਕੇਂਦਰਾਂ ਵਿਚ ਆਈਈਐਲਟੀਐਸ ਦਾ ਆਯੋਜਨ ਕਰੇਗੀ ਮਾਹਿਰਾਂ ਦੀ ਸਾਂਝੀ ਟੀਮ

# ਸੰਘੇੜਾ ਪਿੰਡ 'ਚ ਦੀਆਂ ਤੀਆਂ ਦਾ ਤਿਉਹਾਰ ਸਾਨੋ ਸ਼ੌਕਤ ਨਾਲ ਮਨਾਇਆ

**ਬਰਨਾਲਾ/ਰਮਨਦੀਪ ਧਾਲੀਵਾਲ**

ਜਿਲਾ ਬਰਨਾਲਾ ਦੇ ਪਿੰਡ ਸੰਘੇੜਾ ਵਿੱਖੇ ਸਮੂਹ ਨਗਰ ਨਿਵਾਸੀ ਆਗਣਵਾੜੀ ਮੁਲਾਜਮ ਅਤੇ ਐਮ ਸੀ ਸਹਿਬਾਨਾ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਕੂਲ ਵਿੱਖੇ ਤੀਆ ਦਾ ਤਿਉਹਾਰ ਅਤੇ ਪੰਜਾਬੀ ਸੱਭਿਆਚਾਰ ਪ੍ਰੋਗਰਾਮ ਸਾਨੋ ਸੋਕਤ ਨਾਲ ਮਨਇਆ ਗਿਆ ਜਿਸ ਵਿੱਚ ਪਿੰਡ ਦੀਆ ਸਮਾਜ ਸੇਵੀ ਆਗੂਆ ਤੋ ਇਲਾਵਾ ਨਗਰ ਕੋਸਲ ਬਰਨਾਲਾ ਦੇ ਪ੍ਰਧਾਨ ਗੁਰਜੀਤ ਸਿੰਘ ਰਾਮਣਵਾਸੀਆ ਅਤੇ ਐਮ ਸੀ ਵਾਰਡ ਨੰ3 ਬੀਬੀ ਗਿਆਨ ਕੋਰ ,ਐਮ ਸੀ ਵਾਰਡ ਨੰ 2 ਬਲਵੀਰ ਸਿੰਘ ਲੱਕੀ , ਕਾਗਰਸੀ ਆਗੂ ਤੇ ਸਮਾਜ ਸੇਵੀ ਦਰਸਨ ਸਿੰਘ ,ਤਰਨਜੀਤ ਸਿੰਘ ਬਰਾੜ,ਡਾ ਬਲਵੀਰ ਸਿੰਘ,ਪਰਮਜੀਤ ਸਿੰਘ ਪੰਮਾ ਗੁਰਮੇਲ ਸਿੰਘ ਫੋਜੀ,ਚੇਅਰਮੈਨ ਮੇਜਰ ਸਿੰਘ ਸਕੂਲ ਕਮੇਟੀ, ਨਾਹਰ ਸਿੰਘ,ਜੱਗਾ ਸਿੰਘ, ਤੇਜਾ ਸਿੰਘ ਨੇ ਸਿਰਕਤ ਕੀਤੀ ਅਤੇ ਤੀਆ ਵਿੱਚ ਪਹੁੰਚੀਆ ਧੀਆ ਦੀ ਹੌਸਲਾ ਅਫਜਾਈ ਕੀਤੀ ਇਸ ਵੇਲੇ ਸੱਜ ਵਿਆਹੀਆ ਪੇਕੇ ਘਰ ਆਇਆ ਚਿਰਾ ਤੋ ਵਿਛੜੀਅ ਮੁਟਿਆਰਾ ਤੇ ਲੜਕੀਆ ਨੇ ਬੋਲੀਆ ਤੇ ਗਿੱਧਾ ਪਾਕੇ ਆਪਣੇ ਦਿਲ ਦੇ ਵਲਵਲੇ ਕੱਡਕੇ ਪੁਰਾਣੇ ਵਿਰਸੇ ਦੀ ਯਾਦ ਨੂੰ ਤਾਜਾ ਕਰਕੇ ਖੂਬ ਮਨੋਰੰਜਣ ਕੀਤਾ ਤੇ ਸਾਡੇ ਪੁਰਾਣੇ ਸੱਭਿਆਚਾਰ ਨਾਲ ਜੁੜੀਆ ਪੁਰਾਣੀਆ ਤੇ ਘਰਾ ਵਿੱਚ ਵਰਤੋ ਆਉਣ ਵਾਲੀਆ ਚੀਜਾ ਚਾਟੀ ਮਧਾਣੀ ,ਚਰਖਾ, ਚੱਕੀ, ਪੱਖੀ,ਲਾਲਟਨ ਨਾਲੇ ਬੁਨਣ ਵਾਲਾ ਅੱਡਾ ਆਦਿ ਵਿਖਾਕੇ ਸਾਡੇ ਪੁਰਾਣੇ ਵਿਰਸੇ ਦੀ ਅਲੋਪ ਹੋਈ ਯਾਦ ਨੂੰ ਤਾਜਾ ਕੀਤਾ ਇਸ ਮੋਕੇ ਆਗਣਵਾੜੀ ਮੁਲਾਜਮ ਕਿਰਨਜੀਤ ਕੋਰ ਨੇ ਸਾਡੇ ਅਦਾਰੇ ਨਾਲ ਗੱਲਬਾਤ ਕਰਦਿਆ ਕਿਹਾ ਕੀ ਤੀਆ ਦਾ ਤਿਉਹਾਰ ਔਰਤਾ ਲਈ ਇੱਕ ਵਿਸੇਸ ਮਹੱਤਤਾ ਰੱਖਦਾ ਹੈ ਸਾਉਣ ਮਹੀਨੇ ਚ ਆਪਣੇ ਪੇਕੇ ਘਰ ਆਇਆ ਧੀਆ ਆਪਣੀਆ ਚਿਰਾ ਤੋ ਵਿਛੜੀਆ ਹੋਈਆ ਸਹੇਲੀਆ ਨੂੰ ਮਿਲਣ ਦਾ ਇੱਕ ਜਰੀਆ ਹੈ ਤੇ ਉਹ ਗਿੱਧਾ ਪਾਕੇ ਨੱਚ ਟੱਪਕੇ ਬੋਲੀਆ ਰਾਹੀ ਆਪਣੇ ਦੁੱਖ ਸੁੱਖ ਦੱਸਕੇ ਆਪਨੇ ਦਿਲ ਦੇ ਵਲਵਲੇ ਕੱਢਦੀਆ ਹਨ ਤੇ ਜਦੋ ਭਾਦੋ ਦਾ ਮਹੀਨਾ ਚੜ ਜਾਣ ਚ ਕੁਛ ਦਿਨ ਬਾਕੀ ਰਹਿੰਦੇ ਹਨ ਤਾ ਉਨਾ ਨੂੰ ਪਤਾ ਹੁੰਦਾ ਹੈ ਕਿ ਅਸੀ ਆਪਣੀਆ ਸਕੀਆ ਸੁਹੇਲੀਆ ਨਾਲੋ ਹੁਣ ਵਿਛੜ ਜਾਣਾ ਹੈ ਤੇ ਸਹੁਰੇ ਘਰ ਚਲੇ ਜਾਣਾ ਹੈ ਮੁੜਕੇ ਇੱਕ ਸਾਲ ਬਾਅਦ ਇਕੱਠੇ ਹੋਣਾ ਹੈ ਤੇ ਭਾਦੋ ਮਹੀਨੇ ਨੂੰ ਤਾਨੇ ਮਾਰਕੇ ਸਾਉਣ ਮਹੀਨੇ ਦੀ ਸਲਾਘਾ ਕਰਦੀਆ ਹੋਈਆ ਲੋਕ ਬੋਲੀਆ ਰਾਹੀ ਕਹਿਦਿਆ ਹਨ ਭਾਦੋ ਚੰਦਰੀ ਵਿਛੋੜੇ ਪਾਵੇ ਸਾਉਣ ਵੀਰ ਕਰੇ ਇਕੱਠੀਆ ਇਸ ਸਮੇ ਆਗਣਵਾੜੀ ਵਰਕਰ ਗੁਰਮੀਤ ਕੋਰ,ਸੰਦੀਪ ਕੋਰ,ਭੁਪਿੰਦਰ ਕੋਰ,ਸੁਖਦਰਸਨ ਕੋਰ,ਹੈਲਪਰ ਪ੍ਰਮਜੀਤ ਕੋਰ,ਬੀਨਾ ਰਾਣੀ,ਜਸਪਾਲ ਕੋਰ, ਜਸਵੀਰ ਕੋਰ ' ਸੁਖਵੀਰ ਕੋਰ ਆਦਿ ਹਾਜਰ ਸਨ।



# ਯੂਥ ਆਗੂ ਮਨਪ੍ਰੀਤ ਸਿੱਧੂ ਵੱਲੋਂ ਨੌਜਵਾਨਾਂ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੇ ਨੌਜਵਾਨ ਵਰਗ ਨੂੰ ਮੂਹਰਲੀ ਕਤਾਰ ਵਿੱਚ ਲਿਆਉਣ ਨੂੰ ਲੈ ਕੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਅੰਦਰ ਯੂਥ ਢਾਂਚਿਆਂ ਦਾ ਨਿਰਮਾਣ ਕੀਤਾ ਗਿਆ ਹੈ।ਜਿਸ ਦੇ ਤਹਿਤ ਹਲਕਾ ਫ਼ਿਰੋਜ਼ਪੁਰ ਦਿਹਾਤੀ ਖੇਤਰ ਢਾਂਚੇ ਦੇ ਨਿਰਮਾਣ ਤਹਿਤ ਮਨਪ੍ਰੀਤ ਸਿੰਘ ਸਿੱਧੂ ਮਮਦੋਟ ਨੂੰ ਵੱਡੀ ਜੁੰਮੇਵਾਰੀ ਸੌਂਪਦੇ ਹੋਏ ।ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ ਸੀ ।ਪਾਰਟੀ ਵੱਲੋਂ ਸੌਂਪੀ ਗਈ ਜੰਮਿਵਾਰੀ ਨੂੰ ਤਨਦੇਹੀ ਨਾਲ ਨਿਭਾਉਂਦੇ ਹੋਏ ਸੀਨੀਅਰ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਸੰਧੂ ਅਤੇ ਸਰਕਲ ਪ੍ਰਧਾਨ ਕੰਵਰ ਭੁੱਲਰ ਵੱਲੋਂ ਜਲਿਾ ਪ੍ਰਧਾਨ ਸੁਰਿੰਦਰ ਸਿੰਘ ਬੱਬੂ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਬਲਾਕ ਮਮਦੋਟ ਦੇ ਅਧੀਨ ਆਉਂਦੇ ਪਿੰਡ ਬੇਟੂ ਕਦੀਮ ਰਾਊਕੇ ਤੇ ਹੋਰ ਅੱਧੀ ਦਰਜਨ ਪਿੰਡਾ ਦੇ ਨੋਜਵਾਨਾ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਮੀਟਿੰਗਾਂ ਕੀਤੀਆਂ ਗਈਆਂ ਅਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਨੌਜਵਾਨ ਵਰਗ ਵਾਸਤੇ ਕੀਤੇ ਵਾਅਦਿਆਂ ਪ੍ਰਤੀ ਜਾਣੂ ਕਰਵਾਇਆ । ਇਸ ਮੌਕੇਂ ਅਵਤਾਰ ਸਿੰਘ ਖਾਰਾ, ਮੋਨੂ ਭੁੱਲਰ,ਹਰਵਿੰਦਰ ਸਿੰਘ ਸਿੱਧੂ, ਸੁਖਰਾਜ ਭੁੱਲਰ , ਅੰਗਰੇਜ਼ ਸਿੰਘ ਖਾਰਾ , ਪਰਮਜੀਤ ਭੁੱਲਰ, ਗੁਰਪ੍ਰੀਤ ਰਾਊਕੇ , ਹਰਜਿੰਦਰ ਸਿੰਘ ਰਾਉਕੇ ,ਗੁਰਭਿੰਦਰ ਸਿੰਘ ਬੋਤਲ, ਯਾਦਵਿੰਦਰ ਸਿੰਘ ਬੋਤਲ, ਵਿੱਕੀ ਬੇਟੂ ਕਦੀਮ, ਹਰਪ੍ਰੀਤ ਸੋਢੀ, ਆਦਿ ਹਾਜਰ ਸਨ।



# ਭਾ.ਕਿ.ਯੂ ਸਿੱਧੂਪੁਰ ਵੱਲੋਂ ਪਿੰਡ ਪੱਧਰ ਤੇ ਇਕਾਈ ਦਾ ਗਠਨ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਜਿੱਥੇ ਦਿੱਲੀ ਦੇ ਬਾਰਡਰਾਂ ਉੱਪਰ ਵੀ ਮੋਰਚੇ ਗੱਡੇ ਗਏ ਹਨ ਉਥੇ ਹੀ ਜਥੇਬੰਦੀ ਦੀ ਮਜਬੂਤੀ ਨੂੰ ਲੈ ਕੇ ਪਿੰਡ ਪੱਧਰ ਤੇ ਜਥੇਬੰਦੀ ਦੀਆਂ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ । ਜਿਸ ਨੂੰ ਲੈ ਕੇ ਜ਼ਿਲਾ ਪ੍ਰਧਾਨ ਗੁਰਮੀਤ ਸਿੰਘ ਘੋੜੇ ਚੱਕ ਅਤੇ ਬਲਾਕ ਪ੍ਰਧਾਨ ਗੁਰਸੇਵਕ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪਿੰਡ ਬਾਲੇਵਾਲ ਦੇ ਕਿਸਾਨਾਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ ਮੀਟਿੰਗ ਤੋਂ ਉਪਰੰਤ ਪਿੰਡ ਬਾਲੇਵਾਲ ਦੀ ਪਿੰਡ ਇਕਾਈ ਦਾ ਗਠਨ ਕੀਤਾ ਗਿਆ ਜਿਸ ਵਿੱਚ ਜਸ਼ਨਜੀਤ ਸਿੰਘ ਪ੍ਰਧਾਨ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ, ਰਾਜਵੀਰ ਸਿੰਘ ਪ੍ਰੈੱਸ ਸਕੱਤਰ,ਜਫਰਜੀਤ ਸਿੰਘ ਖਜਾਨਚੀ,ਬਲਜਿੰਦਰ ਸਿੰਘ ਨੂੰ ਸਕੱਤਰ ਚੁਣਿਆ ਗਿਆ। ਇਸ ਮੌਕੇ ਨਵੇਂ ਬਣੇ ਕਿਸਾਨ ਆਗੂਆਂ ਅਤੇ ਕਿਸਾਨਾਂ ਨੂੰ ਦਿੱਲੀ ਮੋਰਚੇ ਤੇ ਜਾਣ ਲਈ ਪ੍ਰੇਰਿਤ ਕੀਤਾ ਗਿਆ ਤੇ ਦਿੱਲੀ ਮੋਰਚੇ ਤੇ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਗਈ। ਕਿਸਾਨੀ ਮਸਲਿਆਂ ਨੂੰ ਲੈ ਕੇ ਇਲਾਕੇ ਵਿਚ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ ।ਇਸ ਮੌਕੇ ਭਾਗ ਸਿੰਘ ,ਦਵਿੰਦਰ ਸਿੰਘ ਸਰਪੰਚ , ਬਾਜ ਸਿੰਘ ਜੋਸਨ, ਨਿਰਮਲ ਸਿੰਘ, ਕਿਰਪਾਲ ਸਿੰਘ, ਸੁਖਚੈਨ ਸਿੰਘ , ਲੱਖਾ ਸਿੰਘ ,ਸਹਿਜਬੀਰ ਸਿੰਘ ,ਦਿਲਬਾਗ ਸਿੰਘ ਤੇ ਹੋਰ ਕਿਸਾਨ ਹਾਜਰ ਸਨ।

# ਗੁਰੂਦੁਆਰਾ ਜਾਮਨੀ ਸਾਹਿਬ ਵਿੱਖੇ ਬੰਗੜ ਹੋਏ ਨਤਮਸਤਕ


**ਮਮਦੋਟ/ਹਰਪ੍ਰੀਤ ਸਿੰਘ ਹੈਪੀ**



ਫਿਰੋਜਪੁਰ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਮਰਦੀਪ ਸਿੰਘ ਆਸੂ ਬੰਗੜ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੂਹ ਪ੍ਰਾਪਤ ਧਰਤੀ ਗੁਰੂਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ ਨਤਮਸਤਕ ਹੋਏ ਇਸ ਮੋਕੇ ਉਨ੍ਹਾਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਸਾਡੇ ਕਿਸਾਨ ਭਰਾ ਆਪਣੇ ਹੱਕਾ ਲਈ ਦਿੱਲੀ ਬਾਡਰ ਤੇ ਬੈਠੇ ਹਨ , ਅਤੇ ਲਗਭਗ 500 ਦੀ ਕਰੀਬ ਕਿਸਾਨ ਕਿਸਾਨ ਦਿੱਲੀ ਵਿੱਖੇ ਮੋਰਚੇ ਤੇ ਸਹੀਦੀ ਪ੍ਰਾਪਤ ਕਰ ਗਏ ਹਨ ,ਪਰ ਮੋਦੀ ਸਰਕਾਰ ਦੇ ਕੰਨਾਂ ਤੇ ਜੂੰ ਵੀ ਨਹੀ ਸਰਕ ਰਹੀ । ਇਹ ਵੀ ਕਿਹਾ ਕਿ ਕਿਸਾਨ ਆਪਣੇ ਜੱਜਬੇ ਤੇ ਕਾਇਮ ਹਨ ਅਤੇ ਉਹ ਕਿਸਾਨ ਵਿਰੋਧੀ ਕਾਲੇ ਕਾਨੂੰਨ ਰੱਦ ਕਰਵਾਕੇ ਹੀ ਦਮ ਲੈਣਗੇ । ਇਹ ਵੀ ਕਿਹਾ ਕਿ ਮੈਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾਂ ਕਿਸਾਨ ਨੂੰ ਹਮੇਸਾ ਤੰਦਰੁਸਤ ਰੱਖੇ ਅਤੇ ਮੋਦੀ ਸਰਕਾਰ ਨਾਲ ਲੜਣ ਦੀ ਤਾਕਤ ਬਖਸੈ , ਕਿਸਾਨ ਜਲਦ ਹੀ ਜਿੱਤ ਪ੍ਰਾਪਤ ਕਰ ਕੇ ਘਰ ਵਾਪਸੀ ਕਰਨ ਅਤੇ ਪੰਜਾਬ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਸਹੀਦ ਹੋਏ ਕਿਸਾਨ ਦੀ ਮੁਆਵਜਾ ਰਾਸੀ ਕੀਤੇ ਹੋਏ ਵਾਦੇ ਅਨੁਦਾਰ 5 ਲੱਖ ਤੋਂ ਵਧਾ ਕੇ 10 ਲੱਖ ਕਰਨੀ ਚਾਹੀਦੀ ਹੈ ।ਦੂਜੇ ਪਾਸੇ ਇਹ ਵੀ ਕਿਹਾ ਕਿ ਵਾਹਿਗੁਰੂ ਜੀ , ਪੂਰੇ ਸੰਸਾਰ ਵਿੱਚ ਬੀਤੇ ਸਮੇਂ ਚ ਆਈ ਕਰੋਨਾ ਮਹਾਂਮਾਰੀ ਵਿੱਚ ਮਾਰੇ ਗਏ ਲੋਕਾਂ ਦੀ ਆਤਮਾਂ ਨੂੰ ਸਾਤੀ ਬਖਸਣ ਤੇ ,ਦੁਬਾਰਾ ਇਸ ਤਰਾਂ ਦੀ ਕੋਈ ਵੀ ਬਿਮਾਰੀ ਇਸ ਧਰਤੀ ਤੇ ਨਾ ਆਵੇ । ਲੋਕਾ ਹਮੇਸਾ ਖੁਸ ਅਤੇ ਤੰਦਰੁਸਤ ਹੋ ਕੇ ਆਪਣਾ ਜੀਵਨ ਬਤੀਤ ਕਰਨ ।

# ਸੇਵਾ ਮੁਕਤ ਪਟਵਾਰੀਆਂ ਨੂੰ ਮਿਲੀ ਸੇਵਾ

**ਮੋਗਾ/ਦਵਿੰਦਰ ਸਿੰਘ ਬਿੱਟੂ**



ਪੰਜਾਬ ਵਿੱਚ ਕੈਪਟਨ ਸਰਕਾਰ ਇਸ ਕਾਰਜਕਾਲ ਵਿੱਚ ਦਿਸਾ ਹੀਨ ਹੋ ਚੁੱਕੀ ਹੈ, ਇਕ ਤੋਂ ਬਾਅਦ ਇਕ ਫੈਸਲਾ ਸਰਕਾਰ ਦੀ ਨਾਕਾਮੀ ਦਰਸਾ ਰਿਹਾ ਹੈ। ਇਥੇ ਇਹ ਕਹਿਣਾ ਬੜਾ ਢੁਕਵਾਂ ਹੋਵੇਗਾ, ਅੰਧੇਰ ਨਗਰੀ ਚੌਪਟ ਰਾਜਾ ਜਿਸ ਨੇ ਸੇਵਾ ਮੁਕਤ ਪਟਵਾਰੀਆਂ ਦੀ ਲਗਾਈ ਸੇਵਾ ਬੇਰੁਜਗਾਰਾਂ ਨੂੰ ਬੇਰੁਜਗਾਰ ਰੱਖਣਾ ਸਮਝਿਆ ਬੇਹਤਰ ਜਿਕਰ ਯੋਗ ਹੈ ਕਿ ਸੇਵਾ ਮੁਕਤ ਪਰਵਰੀਆਂ ਦੀ ਸੇਵਾ ਲੈਕੇ ਪੰਜਾਬ ਸਰਕਾਰ ਲਗਭਗ 1700 ਤੋਂ ਵੱਧ ਸੇਵਾ ਮੁਕਤ ਪਟਵਾਰੀਆਂ ਨੂੰ 25000 ਰੁਪਏ ਮਹੀਨਾ ਦੇਣ ਜਾ ਰਹੀ ਹੈ ਜਿਸਦਾ ਬੋਝ ਸਰਕਾਰ ਅਤੇ ਆਮ ਪਬਲਿਕ ਤੇ ਪੈਣਾ ਹੈ, ਜਦੋਂ ਕਿ ਪਹਿਲਾਂ ਸਰਕਾਰ ਨੇ 1227 ਅਸਾਮੀਆਂ ਪੰਜ ਸਾਲ ਪਹਿਲਾਂ 5000 ਰੁਪਏ ਪ੍ਰਤੀ ਮਹੀਨਾ ਰੱਖੇ ਸਨ ਜੋਂ ਅੱਜ 10000 ਰੁਪਏ ਪ੍ਰਤੀ ਮਹੀਨਾ ਲੇ ਰਹੇ ਹਨ।

ਪੁੱਜਣ ਸਰਕਾਰ ਵੱਲੋਂ ਪਟਵਾਰੀ ਭਾਰਤੀ ਲਈ 2ਲੱਖ 34 ਹਾਜਰ ਬੇਰੁਜਗਾਰਾਂ ਨੇ ਟੇਸਟ ਪਿਛਲੇ ਮਹੀਨੇ ਦਿੱਤਾ। ਜਿਸ ਤੋਂ ਅੰਦਾਜਾ ਲਗਾ ਸਕਦੇ ਹੋ ਕਿ ਕਿੰਨੇ ਪੜ੍ਹੇ ਲਿਖੇ ਨੌਜਵਾਨ ਬੇਰੁਜਗਾਰ ਨੌਕਰੀ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ। ਪੰਜਾਬ ਦੇ 8000 ਪਿੰਡ ਪਟਵਾਰੀਆਂ ਤੋਂ ਵਾਂਝੇ ਹਨ। ਲਗਭਗ 3721 ਅਸਾਮੀਆਂ ਖਾਲੀ ਪਈਆਂ ਹਨ।

ਸਰਕਾਰ ਦੀ ਨਕਾਮੀ ਦਾ ਅੰਦਾਜਾ ਏਥੋਂ ਲਗਾਇਆ ਜਾ ਸਕਦਾ ਹੈ ਕਿ ਇਕੋ ਮਹਿਕਮੇ ਵਿੱਚ 1227 ਨੌਜਵਾਨ ਸਿਰਫ 10000 ਤੇ ਨੌਕਰੀ ਕਰਨ ਨੂੰ ਮਜਬੂਰ ਹਨ ਸੇਵਾ ਮੁਕਤ ਪਟਵਾਰੀ 25000 ਰੁਪਏ ਲੈਣਗੇ ਕਿੰਨਾ ਵਿਤਕਰਾ ਨੌਜਵਾਨਾਂ ਨਾਲ ਰਿਹਾ ਹੈ।

ਮਜੂਦਾ ਸਰਕਾਰ ਦਸਾ ਅਤੇ ਦਿਸਾ ਦੋਨੋ ਹੀ ਖੋ ਚੁੱਕੀ ਹੈ ਜਿਸ ਦਾ ਨਤੀਜਾ ਹੈ ਕਿ ਲੋਕਾਂ ਦਾ ਇਹਨਾ ਰਵਾਇਤੀ ਪਾਰਟੀਆਂ ਤੋਂ ਮੋਹ ਭੰਗ ਹੋ ਚੁੱਕਿਆ ਹੈ, ਲੋਕ ਨਵੀਂ ਵਿਵਸਥਾ ਨੂੰ ਦੇਖਣਾ ਚਾਹੁੰਦੇ ਹਨ। ਜਿਸਦਾ ਨਤੀਜਾ ਤੁਹਾਨੂੰ ਆਉਣ ਵਾਲੀਆਂ 2022 ਦੀਆਂ ਚੋਣਾਂ ਵਿੱਚ ਦਿਖਾਈ ਦੇਵੇਗਾ। ਅਸੀ ਫਿਰ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਨੌਜਵਾਨਾਂ ਨੂੰ ਇਹ ਮੌਕਾ ਦਿਓ ਉਹਨਾਂ ਦਾ ਹੱਕ ਹੈ ਇਹਨਾ ਨੌਕਰੀਆਂ ਉੱਤੇ ਅਸੀਂ ਆਪਣਾ ਸਟੈਂਡ ਸਪਸਟ ਕਰਨਾ ਚਾਹੁੰਦੇ ਹਾਂ ਕਿ ਮੌਕਾ ਮਿਲਣ ਤੇ ਨਜਵਾਨਾਂ ਨੂੰ ਉਹਨਾਂ ਦਾ ਬਣਦਾ ਹੱਕ ਦਿੱਤਾ ਜੇਵੇਗਾ।



# ਆਕਲੈਂਡ ਸਕੂਲ ਵਿੱਚ ਮਨਾਇਆ ਤੀਆਂ ਦਾ ਤਿਉਹਾਰ

**ਮੋਗਾ/ਫਤਿਹਗੜ੍ਹ ਪੰਜਤੂਰ ਦਵਿੰਦਰ ਸਿੰਘ ਬਿੱਟੂ**

ਆਕਲੈਂਡ ਸਕੂਲ ਫਤਿਹਗੜ੍ਹ ਪੰਜਤੂਰ ਵਿੱਚ ਤੀਆਂ ਦਾ ਤਿਉਹਾਰ ਬੜੇ ਹੀ ਚਾਅ ਅਤੇ ਉਤਸ਼ਾਹ ਦੇ ਨਾਲ ਮਨਾਇਆ ਗਿਆ । ਇਸ ਮੌਕੇ ਲੜਕੀਆਂ ਵੱਲੋਂ ਲੋਕ ਬੋਲੀਆਂ ਤੇ ਗਿੱਧਾ ਪੇਸ ਕੀਤਾ ਗਿਆ।

ਇਸ ਮੌਕੇ ਰੇਨੂੰ ਬਾਲਾ ,ਹਰਜੀਤ ਕੌਰ , ਕਾਮਰਸ ,ਹਰਪ੍ਰੀਤ ਸਿੰਘ ਮੈਥ, ਵਿਕਾਸ ਸਰਮਾ ਸਾਇੰਸ,ਰਵਿੰਦਰ ਪਾਲ ਟੋਨੀ ,ਸੁਮਨ ਅਰੋੜਾ,ਪਰਮਿੰਦਰ ਕੌਰ,ਊਸਾ ਰਾਣੀ,ਕੇਵਲ ਸਿੰਘ,ਕੁਲਦੀਪ ਔਲਖ,ਦਲਜੀਤ ਸਿੰਘ,ਸਮਾਇਲੀ ਅਰੋੜਾ,ਅਲੀਸਾ ਅਰੋੜਾ,ਸੋਨੀਆ ਅਰੋੜਾ,ਕੁਲਵਿੰਦਰ ਕੌਰ,ਅਤੇ ਔਕਲੈਂਡ ਸਕੂਲ ਸੀ ਬੀ ਐਸ ਈ ਦੇ ਪ੍ਰਿੰਸੀਪਲ ਅਤੇ ਸਾਰੇ ਸਟਾਫ ਨੇ ਖੁਸੀ ਦਾ ਇਜਹਾਰ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਚੇਅਰਮੈਨ ਸੁਰਿੰਦਰਪਾਲ ਪਿੰਕਾ ਅਤੇ ਮੈਨੇਜਰ ਯੋਗੇਸ ਕੁਮਾਰ ਟੋਨੀ ਨੇ ਤੀਜ ਦੇ ਤਿਓਹਾਰ ਦੀ ਵਧਾਈ ਦਿੱਤੀ ਅਤੇ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਨਿਰਮਲਾ ਦੇਵੀ ਨਿਊਜੀਲੈਂਡ ਨੇ ਸਾਰੇ ਅਧਿਆਪਕਾਂ , ਮਾਪਿਆਂ ਅਤੇ ਵਿਦਾਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਸਕੂਲ ਵਿਦਿਆਰਥਣਾਂ ਨੂੰ ਰਸਮੀ ਤੌਰ ਤੇ ਤੀਆਂ ਦੇ ਤਿਉਹਾਰ ਦੇ ਮਹੱਤਵ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਤੀਜ ਤਿਉਹਾਰ ਸਾਉਣ ਮਹੀਨੇ ਦੀ ਚਾਨਣੀ ਤੀਜ ਵਾਲੇ ਦਿਨ ਸ਼ੁਰੂ ਹੁੰਦਾ ਹੈ ਅਤੇ ਉਹਨਾਂ ਨੇ ਸਾਰੇ ਇਲਾਕੇ ਦਾ ਧੰਨਵਾਦ ਕੀਤਾ ਕਿ ਇਲਾਕੇ ਨੇ ਸੰਸਥਾ ਵਿੱਚ ਜੋ ਵਿਸਵਾਸ ਦਿਖਾਇਆ ਹੈ ,ਸੰਸਥਾ ਹਮੇਸਾ ਓਹਨਾ ਉਮੀਦਾ ਤੇ ਖਰੀ ਉਤਰੇਗੀ।

# ਐਸਐਸਪੀ ਸਵਪਨ ਸ਼ਰਮਾ ਨੂੰ ਬ੍ਰਾਹਮਣ ਸਭਾ ਨੇ ਕੀਤਾ ਸਨਮਾਨਿਤ



**ਸੁਨਾਮ/ਵਰਮਾ** : ਸੰਗਰੂਰ ਵਿੱਚ ਨਵੇਂ ਆਏ ਐਸਐਸਪੀ ਸਵਪਨ ਸ਼ਰਮਾ ਵੱਲੋਂ ਆਪਣਾ ਕਾਰਜਭਾਰ ਸੰਭਾਲਣ ਤੋਂ ਬਾਅਦ ਬ੍ਰਾਹਮਣ ਸਭਾ ਪੰਜਾਬ ਦੇ ਨਵ-ਨਿਯੁਕਤ ਪੰਜਾਬ ਇੰਚਾਰਜ ਪ੍ਰਦੀਪ ਮੈਨਨ ਨੇ ਐਸਐਸਪੀ ਸਵਪਨ ਸ਼ਰਮਾ ਨੂੰ ਬੁੱਕੇ ਭੇਂਟ ਕਰਕੇ ਸਨਮਾਨਿਤ ਕੀਤਾ। ਪ੍ਰਦੀਪ ਮੈਨਨ ਨੇ ਕਿਹਾ ਕਿ ਪੰਜਾਬ ਭਰ ਵਿੱਚ ਇਮਾਨਦਾਰ ਅਫਸਰ ਵਜੋਂ ਸਵਪਨ ਸ਼ਰਮਾ ਦਾ ਬਹੁਤ ਨਾਮ ਹੈ ਅਤੇ ਉਨ੍ਹਾਂ ਨੇ ਜਿਥੇ ਜਿਥੇ ਡਿਊਟੀ ਜੁਆਇਨ ਕੀਤੀ ਹੈ ਉੱਥੇ ਹੀ ਉਨ੍ਹਾਂ ਨੂੰ ਲੋਕਾਂ ਤੋਂ ਬਹੁਤ ਜ਼ਿਆਦਾ ਪਿਆਰ ਅਤੇ ਸਤਿਕਾਰ ਮਿਲਿਆ ਹੈ। ਇਸ ਮੌਕੇ ਹਰਭਗਵਾਨ ਸ਼ਰਮਾ ਬ੍ਰਾਹਮਣ ਸਭਾ ਸੁਨਾਮ, ਨੰਦ ਲਾਲ ਸੀਨੀਅਰ ਵਾਈਸ ਪ੍ਰਧਾਨ, ਪ੍ਰੈੱਸ ਸੈਕਟਰੀ, ਬ੍ਰਿਜਮੋਹਨ ਸ਼ਰਮਾ, ਭੀਮ ਸ਼ਰਮਾ ਅਗਜ਼ੈਕਟਿਵ ਮੈਂਬਰ, ਸੰਜੀਵ ਸ਼ਰਮਾ, ਰਾਜਿੰਦਰ ਸ਼ਰਮਾ, ਰਾਜੇਸ਼ ਕੁਮਾਰ, ਪਾਲੀ ਸ਼ਰਮਾ ਆਦਿ ਵੀ ਹਾਜ਼ਰ ਸਨ।

# ਔਲਖ ਵਲੋ ਚੋਹਲਾ ਸਾਹਿਬ ਵਿਖੇ ਫ੍ਰੀ ਮੈਡੀਕਲ ਕੈਂਪ ਲਗਾਇਆ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਧੰਨ ਧੰਨ ਬਾਬਾ ਜੀਵਨ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਹਲਕਾ ਖਡੂਰ ਸਾਹਿਬ ਦੇ ਪਿੰਡ ਚੋਹਲਾ ਸਾਹਿਬ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ ਗੁਰਸੇਵਕ ਸਿੰਘ ਔਲਖ ਵਲੋ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਇਸ ਦੌਰਾਨ ਆਈਆ ਸੰਗਤਾਂ ਦਾ ਮੈਡੀਕਲ ਚੈਕਅਪ ਕਰਕੇ ਡਾਕਟਰਾਂ ਦੀ ਟੀਮਾ ਦੁਆਰਾ ਦਵਾਈਆਂ ਦਿੱਤੀਆਂ ਗਈਆਂ ਅਤੇ ਗੁਰਸੇਵਕ ਸਿੰਘ ਔਲਖ ਵੱਲੋ ਆਈਆਂ ਸੰਗਤਾਂ ਨੇ ਗੁਰਸੇਵਕ ਸਿੰਘ ਔਲਖ ਦੇ ਇਸ ਫ੍ਰੀ ਮੈਡੀਕਲ ਕੈਂਪ ਦੀ ਪ੍ਰਸੰਸਾ ਕੀਤੀ ਤੇ ਯਕੀਨ ਦਵਾਇਆ ਗਿਆ ਕਿ 2022 ਵਿਚ ਹਲਕਾ ਖਡੂਰ ਸਾਹਿਬ ਤੋ ਲੋਕ ਇਸ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ। ਸੰਗਤਾਂ ਦੁਆਰਾ ਹਲਕੇ ਦੀਆਂ ਮੁਸਕਿਲਾ ਤੋ ਵੀ ਔਲਖ ਨੂੰ ਜਾਣੂ ਕਰਵਾਇਆ ਗਿਆ। ਗੁਰਸੇਵਕ ਸਿੰਘ ਔਲਖ ਵਲੋ ਸੰਗਤਾਂ ਨੂੰ ਵਿਸਵਾਸ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਸਾਡੀ ਸਰਕਾਰ ਬਣਦੇ ਹੀ ਸਹਿਤ ਸੁਵਿਧਾਵਾਂ ਵਿਚ ਵਾਧਾ ਕੀਤਾ ਜਾਵੇਗਾ ਤੇ ਮੈਡੀਕਲ ਕੈਂਪ ਨਿਰਵਿਘਨ ਚਾਲੂ ਰਹਿਣਗੇ। ਮੈਡੀਕਲ ਕੈਂਪ ਦੌਰਾਨ ਡਾਕਟਰ ਟੀਮ ਤੋ ਇਲਾਵਾ ਤਰਸੇਮ ਸਿੰਘ ਕੋਹਾੜਕਾ, ਹਰਪ੍ਰੀਤ ਸਿੰਘ ਖਾਨ ਛਾਪੜੀ, ਦਲਬੀਰ ਸਿੰਘ, ਰੇਸਮ ਸਿੰਘ, ਰਣਜੀਤ ਸਿੰਘ ਪਵਾਰ, ਨੀਲ ਕਮਲ ਜੋਸੀ, ਹਰਜਿੰਦਰਪਾਲ ਸਿੰਘ, ਅਵਤਾਰ ਸਿੰਘ, ਦਲਜੀਤ ਸਿੰਘ, ਨਰਿੰਦਰ ਸਿੰਘ, ਚਾਹਲ ਹਾਜਿਰ ਸਨ।।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111